
World Punjabi News Network
WORLD PUNJABI NEWS
ਪੰਜਾਬੀ | ਪੰਜਾਬੀ
ਲੋਕ ਹਿੱਤ ਵਿੱਚ ਪੱਤਰਕਾਰੀ
@worldpunjabinews
@worldpunjabinewstv
@wpunjabinews
@worldpunjabinews
@worldpunjabinews



# ਸਾਬਕਾ ਫ਼ੌਜੀਆਂ ਤੇ ਆਜ਼ਾਦੀ ਘੁਲਾਟੀਆਂ ਨੂੰ ਮੋਰਚਿਆਂ 'ਚ ਪੁੱਜਣ ਦੀ ਅਪੀਲ



**ਨਵੀਂ ਦਿੱਲੀ।** ਕਿਸਾਨ ਅੰਦੋਲਨ ਨੂੰ ਹੋਰ ਪ੍ਰਚੰਡ ਕਰਨ ਲਈ ਸੰਯੁਕਤ ਕਿਸਾਨ ਮੋਰਚਾ ਨੇ ਸਾਬਕਾ ਫ਼ੌਜੀਆਂ ਅਤੇ ਆਜ਼ਾਦੀ ਘੁਟਾਲੀਆਂ ਦੇ ਪਰਿਵਾਰਾਂ ਨੂੰ ਭਲਕੇ 15 ਅਗਸਤ ਨੂੰ 'ਆਜ਼ਾਦੀ ਦਿਹਾੜੇ' ਮੌਕੇ ਦਿੱਲੀ ਮੋਰਚਿਆਂ 'ਚ ਪਹੁੰਚਣ ਦੀ ਅਪੀਲ ਕੀਤੀ ਹੈ। ਉਨ੍ਹਾਂ ਨਾਲ ਹੀ ਓਲੰਪਿਕ ਤਗ਼ਮਾ ਜੇਤੂ ਖਿਡਾਰੀਆਂ ਦੇ ਸਨਮਾਨ ਲਈ ਰੱਖੇ ਪ੍ਰੋਗਰਾਮਾਂ ਵਿੱਚ ਸ਼ਮੂਲੀਅਤ ਦੌਰਾਨ ਭਾਜਪਾ ਆਗੂਆਂ ਦਾ ਵਿਰੋਧ ਨਾ ਕਰਨ ਦਾ ਫ਼ੈਸਲਾ ਕੀਤਾ ਗਿਆ ਹੈ। ਉੱਤਰਾਖੰਡ ਦੇ ਕਿਸਾਨ ਆਗੂ ਤੇਜਿੰਦਰ ਸਿੰਘ ਵਿਰਕ ਦੀ ਪ੍ਰਧਾਨਗੀ ਹੇਠ ਇੱਥੇ ਹੋਈ ਸੰਯੁਕਤ ਕਿਸਾਨ ਮੋਰਚੇ ਦੀ ਮੀਟਿੰਗ ਵਿੱਚ 26 ਅਗਸਤ ਨੂੰ 'ਕੌਮੀ ਕਨਵੈਨਸ਼ਨ' ਕਰਵਾਉਣ ਦਾ ਫ਼ੈਸਲਾ ਕੀਤਾ ਗਿਆ ਹੈ ਅਤੇ ਇਸ ਦੀ ਤਿਆਰੀ ਲਈ ਕਮੇਟੀ ਵੀ ਬਣਾਈ ਹੈ। ਦਿੱਲੀ ਬਾਰਡਰਾਂ 'ਤੇ ਚੱਲ ਰਹੇ ਸੰਘਰਸ਼ ਦੇ 26 ਅਗਸਤ ਨੂੰ 9 ਮਹੀਨੇ ਮੁਕੰਮਲ ਹੋਣ ਜਾ ਰਹੇ ਹਨ। ਤੇਜਿੰਦਰ ਸਿੰਘ ਵਿਰਕ ਨੇ ਕਿਹਾ ਕਿ 15 ਅਗਸਤ ਨੂੰ ਦੇਸ਼ ਭਰ 'ਚ ਤਹਿਸੀਲ ਪੱਧਰ 'ਤੇ 'ਕਿਸਾਨ-ਮਜ਼ਦੂਰ ਆਜ਼ਾਦੀ ਸੰਗਰਾਮ' ਦਿਵਸ ਮਨਾਉਣ ਦੇ ਸੱਦੇ ਤਹਿਤ ਸਿੰਘੂ ਬਾਰਡਰ ਸਮੇਤ ਬਾਕੀ ਮੋਰਚਿਆਂ 'ਤੇ ਵੀ ਇਹ ਦਿਨ ਮਨਾਇਆ ਜਾਵੇਗਾ। ਸਾਬਕਾ ਫ਼ੌਜੀਆਂ ਅਤੇ ਆਜ਼ਾਦੀ ਘੁਲਾਟੀਆਂ ਦੇ ਪਰਿਵਾਰਾਂ ਨੂੰ ਵੀ ਮੋਰਚਿਆਂ 'ਤੇ ਪਹੁੰਚਣ ਦਾ ਵਿਸ਼ੇਸ਼ ਸੱਦਾ ਦਿੱਤਾ ਗਿਆ। ਸਿੰਘੂ ਮੋਰਚੇ 'ਤੇ ਮੁੱਖ ਸਮਾਗਮ ਵਿੱਚ ਸਾਬਕਾ ਫ਼ੌਜੀਆਂ ਦੀ 'ਪਰੇਡ' ਹੋਵੇਗੀ ਤੇ ਕਿਸਾਨਾਂ ਵੱਲੋਂ ਤਿਰੰਗੇ ਝੰਡੇ ਲੈ ਕੇ ਸਟੇਜ ਤੱਕ ਮਾਰਚ ਕੀਤਾ ਜਾਵੇਗਾ। ਮੁੱਖ ਪੰਡਾਲ ਵਿੱਚ ਬਜ਼ੁਰਗ ਕਿਸਾਨ ਆਗੂ ਸਤਨਾਮ ਸਿੰਘ ਬਹਿਰੂ ਤਿਰੰਗਾ ਝੰਡਾ ਲਹਿਰਾਉਣਗੇ। ਡੀਏਵੀ ਕਾਲਜ ਜਲੰਧਰ ਦੀ ਟੀਮ ਵੱਲੋਂ ਭੰਗੜੇ ਦੀ ਪੇਸ਼ਕਾਰੀ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸੰਯੁਕਤ ਕਿਸਾਨ ਮੋਰਚੇ ਨੇ ਹਰਿਆਣੇ ਵਿੱਚ ਆਜ਼ਾਦੀ ਦਿਵਸ ਦੇ ਸਰਕਾਰੀ ਸਮਾਗਮਾਂ ਦਾ ਵਿਰੋਧ ਨਾ ਕਰਨ ਦੇ ਨਾਲ ਨਾਲ ਓਲੰਪਿਕ ਤਗ਼ਮਾ ਜੇਤੂ ਖਿਡਾਰੀਆਂ ਨੂੰ ਸਨਮਾਨਤ ਕਰਨ ਲਈ ਰੱਖੇ ਪ੍ਰੋਗਰਾਮਾਂ ਵਿੱਚ ਭਾਜਪਾ ਅਤੇ ਭਾਈਵਾਲ ਪਾਰਟੀਆਂ ਦੇ ਸ਼ਾਮਲ ਹੋ ਰਹੇ ਆਗੂਆਂ ਦਾ ਵਿਰੋਧ ਨਾ ਕਰਨ ਦਾ ਫ਼ੈਸਲਾ ਕੀਤਾ ਹੈ।


## ਕਿਸਾਨ ਮਜ਼ਦੂਰ ਆਜ਼ਾਦੀ ਸੰਗਰਾਮ ਦਿਵਸ ਅੱਜ

### ਕਿਸਾਨਾਂ ਨੇ ਕੀਤੀਆਂ ਤਿਆਰੀਆਂ; ਦਿੱਲੀ ਮੋਰਚਿਆਂ ਦੀ ਮਜ਼ਬੂਤੀ ਲਈ ਪੰਜਾਬ ਤੋਂ ਜਥੇ ਰਵਾਨਾ



**ਚੰਡੀਗੜ੍ਹ।** ਪੰਜਾਬ ਦੀਆਂ 32 ਕਿਸਾਨ ਜਥੇਬੰਦੀਆਂ ਵੱਲੋਂ ਭਾਰਤੀ ਜਨਤਾ ਪਾਰਟੀ ਨਾਲ ਸਬੰਧਤ ਨੇਤਾਵਾਂ, ਰੇਲਵੇ ਸਟੇਸ਼ਨਾਂ ਦੇ ਪਾਰਕਾਂ, ਟੌਲ ਪਲਾਜ਼ਿਆਂ, ਅੰਬਾਨੀ ਅਤੇ ਅਡਾਨੀ ਟਿਕਾਣਿਆਂ ਅਤੇ ਪੈਟਰੋਲ ਪੰਪਾਂ ਸਮੇਤ ਸਵਾ ਸੌ ਤੋਂ ਵੱਧ ਥਾਵਾਂ 'ਤੇ ਚੱਲ ਰਹੇ ਧਰਨਿਆਂ ਦੌਰਾਨ ਬੁਲਾਰਿਆਂ ਦੇ ਭਾਸ਼ਨ ਆਜ਼ਾਦੀ ਦਿਹਾੜੇ ਮੌਕੇ ਕੀਤੇ ਜਾਣ ਵਾਲੇ ਪ੍ਰਦਰਸ਼ਨਾਂ 'ਤੇ ਕੇਂਦਰਿਤ ਰਹੇ। ਆਗੂਆਂ ਨੇ ਦੱਸਿਆ ਕਿ ਦਿੱਲੀ ਦੇ ਕਿਸਾਨ ਮੋਰਚਿਆਂ ਦੀ ਮਜ਼ਬੂਤੀ ਲਈ ਪੰਜਾਬ ਤੋਂ ਕਿਸਾਨਾਂ ਦੇ ਕਾਫ਼ਲੇ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਅੱਜ ਮੁਹਾਲੀ, ਫਰੀਦਕੋਟ, ਫਿਰੋਜ਼ਪੁਰ, ਸ੍ਰੀ ਮੁਕਤਸਰ ਸਾਹਿਬ, ਲੁਧਿਆਣਾ, ਸੰਗਰੂਰ, ਪਟਿਆਲਾ, ਬਰਨਾਲਾ, ਮਾਨਸਾ, ਬਠਿੰਡਾ ਅਤੇ ਫਤਹਿਗੜ੍ਹ ਸਾਹਿਬ ਸਮੇਤ ਵੱਖ-ਵੱਖ ਜ਼ਿਲ੍ਹਿਆਂ ਤੋਂ ਬੀਕੇਯੂ ਡਕੌਂਦਾ ਦੀ ਅਗਵਾਈ ਹੇਠ ਜਥੇ ਦਿੱਲੀ ਅੰਦੋਲਨ ਲਈ ਰਵਾਨਾ ਹੋਏ ਹਨ। ਆਗੂਆਂ ਨੇ ਦੱਸਿਆ ਕਿ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਨੇ 15 ਅਗਸਤ ਨੂੰ 'ਕਿਸਾਨ ਮਜ਼ਦੂਰ ਆਜ਼ਾਦੀ ਸੰਗਰਾਮ ਦਿਵਸ' ਵਜੋਂ ਮਨਾਉਣ ਲਈ ਤਿਆਰੀਆਂ ਮੁਕੰਮਲ ਕਰ ਲਈਆਂ ਹਨ। ਉਨ੍ਹਾਂ ਦੱਸਿਆ ਕਿ 'ਕਿਸਾਨ ਸੰਸਦ' ਦੀ ਸਫ਼ਲਤਾ ਮਗਰੋਂ ਕਿਸਾਨ ਯੂਨੀਅਨਾਂ ਦਾ ਧਿਆਨ ਹੁਣ 15 ਅਗਸਤ ਨੂੰ ਤਹਿਸੀਲ ਪੱਧਰੀ 'ਵਹੀਕਲ-ਮਾਰਚ' ਨੂੰ ਸਫ਼ਲ ਬਣਾਉਣ 'ਤੇ ਹੈ। ਸੰਯੁਕਤ ਕਿਸਾਨ ਮੋਰਚੇ ਦੀ ਅਪੀਲ 'ਤੇ ਦੇਸ਼ ਭਰ ਦੇ ਕਿਸਾਨ ਤਹਿਸੀਲ ਪੱਧਰ 'ਤੇ 'ਤਿਰੰਗਾ ਰੈਲੀਆਂ' ਕੱਢਣਗੇ। ਉਨ੍ਹਾਂ ਕਿਹਾ ਕਿ ਭਲਕੇ ਤਿਰੰਗਾ ਮਾਰਚ ਵਿੱਚ ਕਿਸਾਨ ਅਤੇ ਮਜ਼ਦੂਰ ਟਰੈਕਟਰ, ਮੋਟਰਸਾਈਕਲ, ਸਾਈਕਲ ਅਤੇ ਬਲਦ ਗੱਡੀਆਂ ਲੈ ਕੇ ਹਿੱਸਾ ਲੈਣਗੇ ਅਤੇ ਬਲਾਕ ਅਤੇ ਤਹਿਸੀਲ ਜ਼ਿਲ੍ਹਾ ਹੈੱਡਕੁਆਰਟਰ ਵੱਲ ਕੂਚ ਕਰਨਗੇ। ਪ੍ਰਦਰਸ਼ਨਕਾਰੀ ਨੇੜਲੇ ਧਰਨਾ ਸਥਾਨਾਂ 'ਤੇ ਵੀ ਜਾ ਸਕਦੇ ਹਨ। ਇਸ ਦੌਰਾਨ ਵਾਹਨਾਂ 'ਤੇ ਤਿਰੰਗੇ ਲੱਗੇ ਹੋਣਗੇ।

## ਲਾਹੌਲ ਸਪਿਤੀ 'ਚ ਚਨਾਬ ਦਰਿਆ ਦਾ ਵਹਾਅ ਚਾਲੂ ਹੋਣ ਨਾਲ ਖਤਰਾ ਟਲਿਆ



**ਮੰਡੀ/ਸ਼ਿਮਲਾ।** ਕਬਾਇਲੀ ਜ਼ਿਲ੍ਹੇ ਲਾਹੌਲ ਤੇ ਸਪਿਤੀ ਦੇ ਪਿੰਡ ਨਾਲਦਾ ਨੇੜੇ ਅੱਜ ਸਵੇਰੇ ਢਿੱਗਾਂ ਡਿੱਗਣ ਨਾਲ ਖੇਤਰ 'ਚੋਂ ਵਹਿੰਦੇ ਚਨਾਬ ਦਰਿਆ ਦਾ ਜਿਹੜਾ ਵਹਾਅ ਰੁਕਿਆ ਸੀ, ਉਹ ਮੁੜ ਚਾਲੂ ਹੋ ਗਿਆ ਹੈ। ਨਤੀਜੇ ਵਜੋਂ ਖੇਤਰ ਦੇ ਹੇਠਲੇ ਇਲਾਕਿਆਂ ਵਿੱਚ ਰਹਿਣ ਵਾਲੇ 11 ਪਿੰਡਾਂ ਦੇ ਲੋਕਾਂ ਦੇ ਸਿਰ 'ਤੇ ਮੰਡਰਾ ਰਿਹਾ ਖ਼ਤਰਾ ਟਲ ਗਿਆ ਹੈ। ਇਸ ਤੋਂ ਪਹਿਲਾਂ ਜ਼ਿਲ੍ਹਾ ਪ੍ਰਸ਼ਾਸਨ ਨੇ ਦਰਿਆ ਨੇੜਲੇ ਤੇ ਹੇਠਲੇ ਇਲਾਕਿਆਂ ਵਿੱਚ ਰਹਿਣ ਵਾਲੇ ਲੋਕਾਂ ਨੂੰ ਉੱਚੀਆਂ ਪਹਾੜੀਆਂ 'ਤੇ ਜਾਣ ਲਈ ਆਖ ਦਿੱਤਾ ਸੀ। ਪ੍ਰਸ਼ਾਸਨ ਦੀ ਟੀਮ ਨੇ ਮੌਕੇ 'ਤੇ ਪੁੱਜ ਕੇ ਸਥਿਤੀ ਦਾ ਜਾਇਜ਼ਾ ਵੀ ਲਿਆ। ਜਾਣਕਾਰੀ ਅਨੁਸਾਰ ਅੱਜ ਸਵੇਰੇ ਢਿੱਗਾਂ ਡਿੱਗਣ ਕਰਕੇ ਚਨਾਬ ਦਰਿਆ 'ਚੋਂ ਨਿਕਲਦੀ ਸਹਾਇਕ ਨਦੀ ਚੰਦਰਭਾਗਾ ਵਿੱਚ ਪਾਣੀ ਦਾ ਵਹਾਅ ਰੁਕ ਗਿਆ ਸੀ। ਇਸ ਕਾਰਨ ਦੋ ਪਿੰਡਾਂ ਦੇ ਘਰਾਂ ਤੇ ਖੇਤਾਂ ਵਿੱਚ ਪਾਣੀ ਭਰ ਗਿਆ। ਸੂਬਾਈ ਆਫ਼ਤ ਪ੍ਰਬੰਧਨ ਦੇ ਡਾਇਰੈਕਟਰ ਸੁਦੇਸ਼ ਕੁਮਾਰ ਮੋਖਤਾ ਨੇ ਕਿਹਾ ਕਿ ਤਰੰਗ ਤੇ ਜਸਰਥ ਪਿੰਡਾਂ ਦੇ ਚਾਰ ਘਰ ਵੀ ਹੜ੍ਹ ਦੇ ਪਾਣੀ ਕਰਕੇ ਅਸਰਅੰਦਾਜ਼ ਹੋਏ। ਇਸ ਦੌਰਾਨ ਕੁਝ ਪਸ਼ੂਧਨ ਵੀ ਪਾਣੀ ਦੇ ਵਹਾਅ ਵਿੱਚ ਰੁੜ੍ਹ ਗਿਆ ਤੇ 30 ਵਿਘੇ ਦੇ ਕਰੀਬ ਵਾਹੀਯੋਗ ਜ਼ਮੀਨ 'ਚ ਪਾਣੀ ਭਰ ਗਿਆ। ਜਸਰਥ ਪਿੰਡ ਨੇੜੇ ਪਾਣੀ ਦਾ ਵਹਾਅ ਰੁਕਣ ਕਾਰਨ ਉਥੇ ਝੀਲ ਬਣ ਗਈ ਹੈ, ਜਿੱਥੇ ਇੱਕ ਘਰ ਪਾਣੀ ਵਿੱਚ ਡੁੱਬ ਗਿਆ ਹੈ। ਨੇੜਲੀਆਂ ਖੇਤੀਯੋਗ ਜ਼ਮੀਨਾਂ ਵੀ ਨੁਕਸਾਨੀਆਂ ਗਈਆਂ ਹਨ। ਡਿਪਟੀ ਕਮਿਸ਼ਨਰ ਨੀਰਜ ਕੁਮਾਰ ਨੇ ਦੱਸਿਆ ਕਿ ਲੋਕਾਂ ਨੂੰ ਇਹਤਿਆਤ ਵਜੋਂ ਸੁਰੱਖਿਅਤ ਥਾਵਾਂ 'ਤੇ ਪਹੁੰਚਾਇਆ ਗਿਆ ਹੈ। ਉਨ੍ਹਾਂ ਸੂਬਾ ਸਰਕਾਰ ਨੂੰ ਅਪੀਲ ਕੀਤੀ ਕਿ ਫੌਜ ਰਾਹੀਂ ਖੇਤਰ ਦਾ ਛੇਤੀ ਤੋਂ ਛੇਤੀ ਹਵਾਈ ਸਰਵੇਖਣ ਕਰਵਾਇਆ ਜਾਵੇ। ਉਨ੍ਹਾਂ ਕਿਹਾ ਕਿ ਸ਼ਿਮਲਾ ਹਾਈਵੇਅ 'ਤੇ ਕੁਝ ਥਾਵਾਂ ਦੀ ਪਛਾਣ ਕੀਤੀ ਗਈ ਹੈ, ਜਿੱਥੇ ਢਿੱਗਾਂ ਖਿਸਕਣ ਦਾ ਵਧੇਰੇ ਖ਼ਤਰਾ ਹੋ ਸਕਦਾ ਹੈ।

OUR PARTNERS IN PROMOTION
WORLD PUNJABI NEWS NETWORK
whitecloud.in WHITECLOUD INTERNATIONAL
WEB PRESENCE PROVIDER
SmartBrainz EXPLORE. CHOOSE. BUY.
TECHNOLOGY PROVIDER
WORLD PUNJABI NEWS NETWORK
NEWS & MEDIA PARTNER
ADVERTISE WITH US
+91 98155 88388
worldpunjabinews@gmail.com

# ਹੜ੍ਹਾਂ ਦੀ ਮਾਰ ਤੋਂ ਬਚਾਅ ਕਿਵੇਂ ਹੋਵੇ ?

ਹਾਲ ਹੀ ਵਿਚ ਮੁਲਕ ਦੇ ਵੱਖ ਵੱਖ ਹਿੱਸਿਆਂ ਵਿਚ ਭਾਰੀ ਮੀਂਹ ਪੈਣ, ਬੱਦਲ ਫਟਣ, ਅਸਮਾਨੀ ਬਿਜਲੀ ਡਿੱਗਣ ਅਤੇ ਜ਼ਮੀਨ ਖਿਸਕਣ ਦੀਆਂ ਘਟਨਾਵਾਂ ਨਾਲ ਸੈਂਕੜੇ ਲੋਕਾਂ ਦੀ ਮੌਤ ਹੋ ਗਈ। ਭਾਰੀ ਮੀਂਹ ਨਾਲ ਜੂਝਦੇ ਲੋਕਾਂ ਨੂੰ ਸਿਰਫ਼ ਇਹ ਕਹਿ ਕੇ ਭੁਲੇਖੇ ਵਿਚ ਨਹੀਂ ਰੱਖਿਆ ਜਾ ਸਕਦਾ ਹੈ ਕਿ ਇਹ ਸਭ ਮੌਸਮੀ ਤਬਦੀਲੀਆਂ ਕਾਰਨ ਹੋ ਰਿਹਾ ਹੈ ਅਤੇ ਮੌਸਮ ਵਿਚ ਆਈਆਂ ਇਨ੍ਹਾਂ ਤਬਦੀਲੀਆਂ ਲਈ ਵਿਕਸਤ ਮੁਲਕ ਹੀ ਜ਼ਿੰਮੇਵਾਰ ਹਨ ਕਿਉਂਕਿ ਉਨ੍ਹਾਂ ਨੇ ਪਿਛਲੇ ਦਹਾਕਿਆਂ ਵਿਚ ਵਾਤਾਵਰਨ ਵਿਚ ਭਾਰੀ ਮਾਤਰਾ ਵਿਚ ਗਰੀਨਹਾਊਸ ਗੈਸਾਂ ਛੱਡੀਆਂ ਸਨ, ਇਸ ਨਾਲ ਧਰਤੀ ਦੇ ਔਸਤ ਤਾਪਮਾਨ ਵਿਚ ਵਾਧਾ ਹੋ ਗਿਆ ਹੈ ਜਿਸ ਦੇ ਨਤੀਜੇ ਵਜੋਂ ਹੁਣ ਦੁਨੀਆ ਦੇ ਸਾਰੇ ਮੁਲਕ ਮੌਸਮੀ ਤਬਦੀਲੀਆਂ ਨਾਲ ਆ ਰਹੀਆਂ ਕੁਦਰਤੀ ਆਫ਼ਤਾਂ ਦੀ ਮਾਰ ਝੱਲ ਰਹੇ ਹਨ। ਕੁਦਰਤੀ ਆਫ਼ਤਾਂ ਦੀ ਮਾਰ ਵਿਚ ਵਾਧੇ ਦਾ ਇਹ ਭਾਵੇਂ ਵੱਡਾ ਕਾਰਨ ਹੈ ਪਰ ਦੂਜਾ ਵੱਡਾ ਕਾਰਨ ਸਾਡੇ ਮੁਲਕ ਵਿਚ ਅੰਨ੍ਹੇਵਾਹ ਕੀਤਾ ਜਾ ਰਿਹਾ ਵਿਕਾਸ ਹੈ। ਵੱਖ ਵੱਖ ਖੇਤਰਾਂ ਵਿਚ ਭਾਰੀ ਮੀਂਹ ਨਾਲ ਹੋ ਰਹੀ ਤਬਾਹੀ, ਵਾਤਾਵਰਨ ਪੱਖੋਂ ਸੰਵੇਦਨਸ਼ੀਲ ਖੇਤਰਾਂ ਵਿਚੋਂ ਵਿਕਾਸ ਦੇ ਨਾਂ ਉੱਤੇ ਹੋ ਰਹੀ ਜੰਗਲਾਂ ਦੀ ਅੰਧਾਧੁੰਦ ਕਟਾਈ, ਨਦੀਆਂ ਉੱਤੇ ਡੈਮਾਂ ਦੀ ਜ਼ਿਆਦਾ ਉਸਾਰੀ, ਨਦੀਆਂ ਦੇ ਵਹਾਅ ਖੇਤਰਾਂ ਵਿਚ ਇਮਾਰਤਾਂ ਦੀ ਉਸਾਰੀ, ਪਹਾੜੀ ਖੇਤਰਾਂ ਨੂੰ ਸੈਰਗਾਹਾਂ ਤੌਰ ਉੱਤੇ ਉਭਾਰਨ ਲਈ ਉੱਥੋਂ ਦੇ ਜੰਗਲਾਂ ਤੇ ਪਹਾੜਾਂ ਦੀ ਕਟਾਈ ਆਦਿ ਜ਼ਿੰਮੇਵਾਰ ਹਨ।



ਮਹਾਰਾਸ਼ਟਰ ਤੋਂ ਲੈ ਕੇ ਕੇਰਲ ਤਕ ਹੋ ਰਹੀ ਤਬਾਹੀ ਲਈ ਕੇਂਦਰ ਸਰਕਾਰ ਅਤੇ ਇਨ੍ਹਾਂ ਰਾਜਾਂ ਦੀਆਂ ਸਰਕਾਰਾਂ ਵੀ ਕਾਫ਼ੀ ਹੱਦ ਤੱਕ ਜ਼ਿੰਮੇਵਾਰ ਹਨ। ਇਸ ਸਦੀ ਦੇ ਸ਼ੁਰੂ ਤੋਂ ਹੀ ਇਨ੍ਹਾਂ ਸਾਰੇ ਰਾਜਾਂ ਦੇ ਲੋਕ ਕੇਂਦਰ ਅਤੇ ਰਾਜ ਸਰਕਾਰਾਂ ਦੀਆਂ ਵਿਕਾਸ ਯੋਜਨਾਵਾਂ ਦੇ ਕੁਦਰਤ ਅਤੇ ਲੋਕ-ਪੱਖੀ ਨਾ ਹੋਣ ਕਰਕੇ ਵਿਰੋਧ ਕਰ ਰਹੇ ਹਨ। ਲੋਕਾਂ ਦੇ ਵਿਰੋਧ ਕਾਰਨ ਕੇਂਦਰ ਸਰਕਾਰ ਨੇ ਪੱਛਮੀ ਘਾਟਾਂ ਦੇ ਵਿਕਾਸ ਦੇ ਨਾਲ ਨਾਲ ਇਨ੍ਹਾਂ ਰਾਜਾਂ ਨੂੰ ਕੁਦਰਤੀ ਆਫ਼ਤਾਂ ਤੋਂ ਬਚਾਉਣ ਲਈ 2010 ਵਿਚ ਉੱਘੇ ਵਾਤਾਵਰਨ ਵਿਗਿਆਨੀ ਮਾਧਵ ਗਾਡਗਿਲ ਦੀ ਪ੍ਰਧਾਨਗੀ ਹੇਠ ਕਮੇਟੀ ਬਣਾਈ। ਇਸ ਕਮੇਟੀ ਨੇ ਵੱਖ ਵੱਖ ਥਾਵਾਂ ਦਾ ਸਰਵੇਖਣ ਕਰਕੇ 2011 ਵਿਚ ਕੇਂਦਰ ਸਰਕਾਰ ਨੂੰ ਰਿਪੋਰਟ ਭੇਜ ਦਿੱਤੀ। ਕਮੇਟੀ ਨੇ ਛੇ ਰਾਜਾਂ (ਗੁਜਰਾਤ, ਮਹਾਰਾਸ਼ਟਰ, ਕਰਨਾਟਕ, ਗੋਆ, ਕੇਰਲ, ਤੇ ਤਾਮਿਲਨਾਡੂ) ਵਿਚ ਫੈਲੇ ਪੱਛਮੀ ਘਾਟਾਂ ਦੇ 87.5 ਫ਼ੀਸਦ ਖੇਤਰ ਨੂੰ ਵਾਤਾਵਰਨ ਸੰਵੇਦਨਸ਼ੀਲ ਖੇਤਰ ਐਲਾਨਣ ਦੀ ਸਿਫ਼ਾਰਸ਼ ਕੀਤੀ। ਕਮੇਟੀ ਨੇ ਇਹ ਸੁਝਾਅ ਵੀ ਦਿੱਤਾ ਕਿ ਵਾਤਾਵਰਨ ਸੰਵੇਦਨਸ਼ੀਲ ਖੇਤਰ ਵਿਚ ਹੋਰ ਨਵੇਂ ਸ਼ਹਿਰ ਨਾ ਵਸਾਏ ਜਾਣ ਅਤੇ ਨਾ ਹੀ ਨਵੇਂ ਡੈਮ ਬਣਾਏ ਜਾਣ, ਜਲਗਾਹਾਂ ਤੇ ਦਰਿਆਵਾਂ ਦੇ ਵਹਾਅ ਖੇਤਰਾਂ ਵਿਚ ਵੀ ਉਸਾਰੀਆਂ ਨਾ ਕੀਤੀਆਂ ਜਾਣ। ਇਸ ਕਮੇਟੀ ਨੇ ਸੈਰ-ਸਪਾਟਾ ਵਿਭਾਗ ਦੇ ਪਸਾਰੇ ਅਤੇ ਖਣਿਜਾਂ ਦੀ ਖੁਦਾਈ ਉੱਤੇ ਰੋਕ ਲਗਾਉਣ ਦਾ ਸੁਝਾਅ ਵੀ ਦਿੱਤਾ।

ਗਾਡਗਿਲ ਕਮੇਟੀ ਦੀ ਰਿਪੋਰਟ ਨੂੰ ਕੇਂਦਰ ਸਰਕਾਰ ਸਮੇਤ ਸਾਰੇ ਰਾਜਾਂ ਨੇ ਇਕ ਸਿਰੇ ਤੋਂ ਨਕਾਰ ਦਿੱਤਾ। ਉਸ ਤੋਂ ਬਾਅਦ ਕੇਂਦਰ ਸਰਕਾਰ ਨੇ ਕਸਤੂਰੀਰੰਗਨ ਨਾਂ ਦੀ ਇਕ ਹੋਰ ਕਮੇਟੀ ਬਣਾਈ ਜਿਸ ਨੇ ਗਾਡਗਿਲ ਕਮੇਟੀ ਦੇ ਸੁਝਾਵਾਂ ਨੂੰ ਬਹੁਤ ਪੇਤਲਾ ਕਰ ਦਿੱਤਾ ਅਤੇ ਵਾਤਾਵਰਨ ਸੰਵੇਦਨਸ਼ੀਲ ਖੇਤਰ ਨੂੰ ਘਟਾ ਕੇ ਸਿਰਫ਼ 37.5 ਫ਼ੀਸਦ ਕਰ ਦਿੱਤਾ। ਇਸ ਨਾਲ ਪੱਛਮੀ ਘਾਟਾਂ ਵਿਚਲੇ ਸੰਵੇਦਨਸ਼ੀਲ ਖੇਤਰਾਂ ਵਿਚ ਵਿਕਾਸ ਕਾਰਜ ਤੇਜ਼ੀ ਨਾਲ ਸ਼ੁਰੂ ਹੋ ਗਏ ਅਤੇ ਫਿਰ ਇਹ ਖੇਤਰ ਕੁਦਰਤੀ ਆਫ਼ਤਾਂ ਦੀ ਮਾਰ ਦੇ ਵਧੇਰੇ ਸਨਮੁੱਖ ਹੋ ਗਏ।

ਹਿਮਾਚਲ ਪ੍ਰਦੇਸ਼ ਵਿਚ ਧਰਮਸ਼ਾਲਾ ਵਿਚ ਬਰਸਾਤੀ ਨਦੀ ਭਾਗਸੂਨਾਗ ਵਿਚ ਹੜ੍ਹ ਆਉਣ ਦਾ ਮੁੱਖ ਕਾਰਨ ਨਦੀ ਦੇ ਵਹਾਅ ਖੇਤਰ ਵਿਚ ਇਮਾਰਤਾਂ ਦੀ ਉਸਾਰੀ ਹੈ। ਬੱਦਲ ਫਟਣ ਨਾਲ ਭਾਰੀ ਮੀਂਹ ਪੈਣ ਕਾਰਨ ਨਦੀ ਵਿਚ ਜ਼ਿਆਦਾ ਪਾਣੀ ਆਉਣ ਅਤੇ ਵਹਾਅ ਖੇਤਰ ਵਿਚ ਉਸਾਰੀਆਂ ਇਮਾਰਤਾਂ ਦੀ ਰੁਕਾਵਟ ਕਾਰਨ ਹੜ੍ਹ ਦਾ ਪਾਣੀ ਰਿਹਾਇਸ਼ੀ ਖੇਤਰ ਵਿਚੋਂ ਰਾਹ ਬਣਾਉਂਦਾ ਉੱਥੇ ਖੜ੍ਹੀਆਂ ਕਾਰਾਂ, ਸਕੂਟਰਾਂ ਅਤੇ ਮੋਟਰਸਾਇਕਲਾਂ ਨੂੰ ਖਿਡੌਣਿਆਂ ਵਾਂਗ ਵਹਾ ਕੇ ਲੈ ਗਿਆ। ਕਿਨੌਰ ਵਿਚ ਜ਼ਮੀਨ ਖਿਸਕਣ/ਢਿੱਗਾਂ ਡਿੱਗਣ ਦਾ ਕਾਰਨ ਸੜਕ ਨੂੰ ਜ਼ਿਆਦਾ ਚੌੜੀ ਕਰਨ ਸਮੇਂ ਪਹਾੜੀ ਦੀ ਲੋੜ ਤੋਂ ਵੱਧ ਕਟਾਈ ਸੀ ਜਿਸ ਕਾਰਨ ਪਹਾੜ ਦਾ ਸੰਤੁਲਨ ਵਿਗੜ ਗਿਆ। ਵੱਡੇ ਪੱਥਰ ਮਿੰਨੀ ਬੱਸ ਉੱਤੇ ਡਿਗਣ ਨਾਲ 9 ਜਣਿਆਂ ਦੀ ਮੌਤ ਹੋ ਗਈ।

ਲਗਭਗ ਸਾਰੇ ਪਹਾੜੀ ਰਾਜ ਸੈਲਾਨੀਆਂ ਨੂੰ ਪਹਾੜਾਂ ਵੱਲ ਖਿੱਚਣ ਦੀ ਅੰਨ੍ਹੀ ਦੌੜ ਵਿਚ ਲੱਗੇ ਹੋਏ ਹਨ ਕਿਉਂਕਿ ਸੈਲਾਨੀ ਹੀ ਉਨ੍ਹਾਂ ਦੀ ਆਮਦਨ ਦਾ ਮਹੱਤਵਪੂਰਨ ਸਾਧਨ ਹਨ। ਇਹ ਰਾਜ ਵਾਤਾਵਰਨ ਨਿਯਮਾਂ ਦੀਆਂ ਧੱਜੀਆਂ ਉਡਾਉਂਦੇ ਸੜਕਾਂ ਬੇਹਿਸਾਬੀਆਂ ਚੌੜੀਆਂ ਕਰ ਰਹੇ ਹਨ। ਨਤੀਜੇ ਵਜੋਂ ਬਰਸਾਤ ਸ਼ੁਰੂ ਹੁੰਦੇ ਹੀ ਵਿਸਫੋਟਕ ਸਮੱਗਰੀ ਨਾਲ ਭੰਨੇ ਅਤੇ ਦਰਖ਼ਤਾਂ ਤੋਂ ਸੱਖਣੇ ਪਹਾੜਾਂ ਤੋਂ ਢਿੱਗਾਂ ਡਿਗਣੀਆਂ ਸ਼ੁਰੂ ਹੋ ਜਾਂਦੀਆਂ ਹਨ।

ਉਤਰਾਖੰਡ ਨੂੰ ਵਾਤਾਵਰਨ ਨਿਯਮਾਂ ਦੀ ਅਣਦੇਖੀ ਕਰਕੇ, ਨਦੀਆਂ ਉੱਤੇ ਉਨ੍ਹਾਂ ਦੀ ਸਮਰੱਥਾ ਤੋਂ ਵੱਧ ਡੈਮ ਬਣਾਉਣ, ਸੜਕਾਂ ਦੀ ਲੰਬਾਈ ਤੇ ਚੌੜਾਈ ਵਧਾਉਣ ਅਤੇ ਨਦੀਆਂ ਦੇ ਵਹਾਅ ਖੇਤਰਾਂ ਵਿਚ ਹੋਟਲ ਤੇ ਇਮਾਰਤਾਂ ਬਣਾਉਣ ਦੀ ਭਾਰੀ ਕੀਮਤ ਚੁਕਾਉਣੀ ਪੈ ਰਹੀ ਹੈ। ਉਤਰਾਖੰਡ ਵਿਚ 2013 ਵਿਚ ਬੱਦਲ ਫਟਣ ਨਾਲ ਹੋਈ ਭਿਆਨਕ ਤਰਾਸਦੀ ਤੋਂ ਬਾਅਦ ਉੱਥੇ ਕੁਦਰਤੀ ਆਫ਼ਤਾਂ ਨਾਲ ਸਬੰਧਿਤ ਘਟਨਾਵਾਂ ਦਾ ਸਿਲਸਲਾ ਲਗਾਤਾਰ ਚੱਲ ਰਿਹਾ ਹੈ। ਫਰਵਰੀ 2021 ਦੀ ਚਮੋਲੀ ਤਰਾਸਦੀ ਵਿਚ ਲਗਭਗ 300 ਮੌਤਾਂ ਹੋ ਗਈਆਂ। ਫਿਰ 3 ਤੋਂ 11 ਮਈ ਤੱਕ ਬੱਦਲ ਫਟਣ ਅਤੇ ਭਾਰੀ ਮੀਂਹ ਪੈਣ ਨਾਲ ਜ਼ਮੀਨ ਖਿਸਕਣ ਦੀਆਂ ਘਟਨਾਵਾਂ ਵਾਪਰ ਗਈਆਂ।

ਜ਼ਮੀਨ ਖਿਸਕਣ ਦੀਆਂ ਜ਼ਿਆਦਾਤਰ ਘਟਨਾਵਾਂ ਨਵੀਂ ਬਣ ਰਹੀ ਚਾਰ-ਧਾਮ ਸੜਕ ਵਾਲੇ ਖੇਤਰ ਵਿਚ ਹੋ ਰਹੀਆਂ ਹਨ। ਇਸ ਬਾਰੇ ਸਤੰਬਰ 2020 ਵਿਚ ਸੁਪਰੀਮ ਕੋਰਟ ਨੇ ਉਤਰਾਖੰਡ ਸਰਕਾਰ ਨੂੰ ਇਸ ਸੜਕ ਦੀ ਚੌੜਾਈ ਸਿਰਫ਼ 5.5 ਮੀਟਰ ਰੱਖਣ ਦੀ ਹਦਾਇਤ ਕੀਤੀ ਸੀ ਪਰ ਸੜਕ ਦੀ ਚੌੜਾਈ 12 ਮੀਟਰ ਰੱਖੀ ਜਾ ਰਹੀ ਹੈ ਜਿਸ ਲਈ 24 ਮੀਟਰ ਤੱਕ ਦੀ ਜ਼ਮੀਨ ਦੀ ਲੋੜ ਹੋਵੇਗੀ। ਪਹਾੜੀ ਇਲਾਕੇ ਵਿਚ ਪਹਾੜਾਂ ਦੀ ਜਿੰਨੀ ਜ਼ਿਆਦਾ ਕਟਾਈ ਹੋਵੇਗੀ, ਓਨੀ ਹੀ ਪਹਾੜਾਂ ਤੋਂ ਢਿੱਗਾਂ ਡਿੱਗਣ ਅਤੇ ਜ਼ਮੀਨ ਖਿਸਕਣ ਦੇ ਖ਼ਦਸ਼ੇ ਵਧ ਜਾਣਗੇ।

ਵਿਕਾਸ ਦੇ ਨਾਂ ਉੱਤੇ ਸਰਕਾਰੀ ਯੋਜਨਾਵਾਂ ਵਾਤਾਵਰਨ ਨਿਯਮਾਂ ਦੀਆਂ ਕਿਵੇਂ ਧੱਜੀਆਂ ਉਡਾਉਂਦੀਆਂ ਹਨ, ਇਸ ਬਾਰੇ 2018 ਵਿਚ ਹੜ੍ਹਾਂ ਦੀ ਲਪੇਟ ਵਿਚ ਆਏ ਕੋਚੀ ਕੌਮਾਂਤਰੀ ਅੱਡੇ ਦੀ ਉਦਾਹਰਨ ਹੀ ਕਾਫ਼ੀ ਹੈ। ਸੰਯੁਕਤ ਰਾਸ਼ਟਰ ਨੇ ਕੋਚੀ ਹਵਾਈ ਅੱਡੇ ਨੂੰ 2018 ਵਿਚ ਹੀ 'ਚੈਂਪੀਅਨ ਆਫ਼ ਅਰਥ' ਦਾ ਇਨਾਮ ਦਿੱਤਾ ਸੀ ਕਿਉਂਕਿ ਇੱਥੇ ਸਾਰਾ ਕੰਮ ਸੂਰਜੀ ਊਰਜਾ ਨਾਲ ਹੋ ਰਿਹਾ ਹੈ। ਅਫ਼ਸੋਸ, ਇਸ ਅੱਡੇ ਨੂੰ ਊਰਜਾ ਸਪਲਾਈ ਕਰਨ ਵਾਲੇ ਸੋਲਰ ਪੈਨਲ ਜਲਗਾਹਾਂ ਅਤੇ ਦਰਿਆ ਦੇ ਵਹਾਅ ਖੇਤਰ ਵਿਚ ਲੱਗੇ ਹੋਏ ਹਨ। 2018 ਵਿਚ ਭਾਰੀ ਮੀਂਹ ਪੈਣ ਤੋਂ ਬਾਅਦ ਇਹ ਹਵਾਈ ਅੱਡਾ ਹੜ੍ਹਾਂ ਦੀ ਮਾਰ ਥੱਲੇ ਆਣ ਕਰਕੇ ਲਗਭਗ ਦੋ ਹਫ਼ਤੇ ਬੰਦ ਰਿਹਾ ਸੀ ਕਿਉਂਕਿ ਮੀਂਹ ਦਾ ਵਾਧੂ ਪਾਣੀ ਕੁਦਰਤੀ ਤੌਰ ਉੱਤੇ ਹੀ ਆਪਣੇ ਵਹਾਅ ਖੇਤਰ ਵੱਲ ਚਲਾ ਜਾਂਦਾ ਹੈ।

ਸੈਂਟਰਲ ਵਾਟਰ ਕਮਿਸ਼ਨ ਦੀ ਰਿਪੋਰਟ ਅਨੁਸਾਰ ਹੜ੍ਹਾਂ ਕਾਰਨ ਦੁਨੀਆ ਵਿਚ ਹੋਣ ਵਾਲੀਆਂ ਕੁੱਲ ਮੌਤਾਂ ਵਿਚੋਂ 20 ਫ਼ੀਸਦ ਭਾਰਤ ਵਿਚ ਹੁੰਦੀਆਂ ਹਨ। 1953 ਤੋਂ 2017 ਦੇ 64 ਸਾਲਾਂ ਵਿਚ ਇੱਕ ਲੱਖ ਤੋਂ ਵੱਧ ਲੋਕ ਸਿਰਫ਼ ਹੜ੍ਹਾਂ ਕਾਰਨ ਮਾਰੇ ਗਏ। ਰਿਪੋਰਟ ਵਿਚ ਦੱਸਿਆ ਗਿਆ ਕਿ ਮੁਲਕ ਹਰ ਸਾਲ ਹੜ੍ਹਾਂ ਕਾਰਨ 205.8 ਕਰੋੜ ਦਾ ਮਾਲੀ ਨੁਕਸਾਨ ਝੱਲਦਾ ਹੈ। 10 ਦਸੰਬਰ 2020 ਨੂੰ ਕੌਂਸਲ ਆਨ ਅਨਰਜੀ, ਇਨਫਾਰਮੈਂਟ ਅਤੇ ਵਾਟਰ ਦੀ ਜਾਰੀ ਰਿਪੋਰਟ ਅਨੁਸਾਰ ਪਿਛਲੇ ਪੰਜ ਦਹਾਕਿਆਂ ਵਿਚ ਹੜ੍ਹ ਆਉਣ ਦੀਆਂ ਘਟਨਾਵਾਂ ਵਿਚ 8 ਗੁਣਾ ਵਾਧਾ ਹੋਇਆ ਹੈ। 1970 ਤੋਂ 2005 ਦੌਰਾਨ ਔਸਤਨ 19 ਜ਼ਿਲ੍ਹਿਆਂ ਵਿਚ ਹੜ੍ਹ ਆਉਂਦੇ ਸਨ ਪਰ 2005 ਤੋਂ ਬਾਅਦ ਇਨ੍ਹਾਂ ਜ਼ਿਲ੍ਹਿਆਂ ਦੀ ਗਿਣਤੀ 55 ਹੋ ਗਈ ਹੈ। ਰਿਪੋਰਟ ਅਨੁਸਾਰ ਭਾਰਤ ਵਿਚ 97.51 ਮਿਲੀਅਨ ਤੋਂ ਵੱਧ ਲੋਕ ਹੜ੍ਹਾਂ ਦੀਆਂ ਘਟਨਾਵਾਂ ਦਾ ਸਾਹਮਣਾ ਕਰ ਰਹੇ ਹਨ। ਹੜ੍ਹਾਂ ਨਾਲ ਜੁੜੀਆਂ ਘਟਨਾਵਾਂ ਜਿਵੇਂ ਜ਼ਮੀਨ ਖਿਸਕਣ, ਭਾਰੀ ਮੀਂਹ ਪੈਣ, ਬੱਦਲ ਗਰਜਣ, ਸਮੁੰਦਰ ਦੇ ਜਲ ਪੱਧਰ ਵਿਚ ਵਾਧਾ ਆਦਿ ਵਿਚ 20 ਗੁਣਾ ਵਾਧਾ ਹੋਇਆ ਹੈ।

2014 ਵਿਚ ਆਈਪੀਸੀਸੀ ਦੀ ਰਿਪੋਰਟ ਨੇ ਖੁਲਾਸਾ ਕੀਤਾ ਕਿ ਤਾਪਮਾਨ ਦੇ ਵਾਧੇ ਨਾਲ ਆਉਣ ਵਾਲੀਆਂ ਕੁਦਰਤੀ ਆਫ਼ਤਾਂ ਚੀਨ ਅਤੇ ਭਾਰਤ ਉੱਤੇ ਬਾਕੀ ਮੁਲਕਾਂ ਨਾਲੋਂ ਵੱਧ ਮਾਰ ਕਰਨਗੀਆਂ। ਕੁਦਰਤੀ ਆਫ਼ਤਾਂ ਦੀ ਮਾਰ ਤੋਂ ਬਚਣ ਲਈ ਸਾਨੂੰ ਕੌਮੀ ਅਤੇ ਕੌਮਾਂਤਰੀ ਪੱਧਰ 'ਤੇ ਉਪਰਾਲਿਆਂ ਦੀ ਲੋੜ ਹੈ। ਕੌਮਾਂਤਰੀ ਪੱਧਰ 'ਤੇ ਸਾਨੂੰ ਯੂਰੋਪੀਅਨ ਮੁਲਕਾਂ ਵਾਂਗ ਗਰੀਨਹਾਊਸ ਗੈਸਾਂ ਦਾ ਪੱਧਰ ਤੇਜ਼ੀ ਨਾਲ ਘਟਾਉਣਾ ਚਾਹੀਦਾ ਹੈ। ਇਹ ਕਹਿ ਕੇ ਪੱਲਾ ਨਾ ਝਾੜ ਲਿਆ ਜਾਵੇ ਕਿ ਮੌਸਮੀ ਤਬਦੀਲੀਆਂ ਲਈ ਅਮਰੀਕਾ, ਯੂਰੋਪ ਅਤੇ ਚੀਨ ਜ਼ਿੰਮੇਵਾਰ ਹਨ। ਭਾਰਤ ਨੇ 22 ਅਪਰੈਲ 2021 ਨੂੰ ਕਲਾਈਮੇਟ ਸਮਿੱਟ ਜੋ ਅਮਰੀਕੀ ਰਾਸ਼ਟਰਪਤੀ ਜੋਅ ਬਾਈਡਨ ਨੇ ਕਰਵਾਈ, ਵਿਚ ਗਰੀਨਹਾਊਸ ਗੈਸਾਂ ਵਿਚ ਕਟੌਤੀ ਲਈ ਨਵੀਂ ਰੂਪ ਰੇਖਾ ਪ੍ਰਸਤਾਵਿਤ ਨਹੀਂ ਕੀਤੀ ਅਤੇ ਨਾ ਹੀ ਜ਼ੀਰੋ ਕਾਰਬਨ ਕਟੌਤੀ ਲਈ ਕੋਈ ਸੀਮਾ ਮਿਥੀ ਹੈ। ਹੁਣ ਸਾਡੇ ਮੁਲਕ ਨੇ ਮੌਸਮੀ ਤਬਦੀਲੀਆਂ ਨਾਲ ਸਿੱਝਣ ਲਈ 51 ਮੁਲਕਾਂ ਦੀ ਦੋ ਰੋਜ਼ਾ ਮੀਟਿੰਗ (24-25 ਜੁਲਾਈ) ਵਿਚ ਭਾਗ ਹੀ ਨਹੀਂ ਲਿਆ। ਭਾਰਤ ਗਰੀਨਹਾਊਸ ਗੈਸਾਂ ਛੱਡਣ ਵਾਲਾ ਦੁਨੀਆ ਦਾ ਤੀਜਾ ਮੁਲਕ ਹੈ ਅਤੇ ਗਲੋਬਲ ਕਲਾਈਮੇਟ ਰਿਸਕ ਇੰਡੈਕਸ 2021 ਅਨੁਸਾਰ 2019 ਵਿਚ ਕੁਦਰਤੀ ਆਫ਼ਤਾਂ ਦੀ ਮਾਰ ਝੱਲਣ ਵਾਲਾ ਸੱਤਵਾਂ ਦ ਮੁਲਕ ਸੀ। ਇਸ ਦੇ ਬਾਵਜੂਦ ਭਾਰਤ 51 ਮੁਲਕਾਂ ਵਿਚੋਂ ਇੱਕਲਾ ਅਜਿਹਾ ਮੁਲਕ ਹੈ ਜਿਸ ਨੇ ਮੀਟਿੰਗ ਵਿਚ ਭਾਗ ਨਹੀਂ ਲਿਆ। ਭਾਰਤ ਦੀ ਇਹ ਗੱਲ ਤਾਂ ਠੀਕ ਹੈ ਕਿ ਅਮਰੀਕਾ, ਚੀਨ ਅਤੇ ਯੂਰੋਪੀਅਨ ਮੁਲਕਾਂ ਦੀ ਵੱਧ ਜ਼ਿੰਮੇਵਾਰੀ ਬਣਦੀ ਹੈ ਪਰ ਆਪਣੀ ਬਣਦੀ ਜ਼ਿੰਮੇਵਾਰੀ ਵੀ ਪੂਰੀ ਕਰਨੀ ਚਾਹੀਦੀ ਹੈ। ਕੌਮੀ ਪੱਧਰ 'ਤੇ ਪਹਾੜੀ ਖੇਤਰਾਂ, ਖ਼ਾਸਕਰ ਵਾਤਾਵਰਨ ਸੰਵੇਦਨਸ਼ੀਲ ਖੇਤਰਾਂ ਵਿਚ ਕਿਸੇ ਵੀ ਤਰ੍ਹਾਂ ਦੀਆਂ ਉਸਾਰੀ ਅਤੇ ਵਿਕਾਸ ਯੋਜਨਾਵਾਂ ਭੂ ਵਿਗਿਆਨੀਆਂ ਅਤੇ ਸਥਾਨਕ ਲੋਕਾਂ ਦੀ ਰਾਇ ਬਿਨਾ ਉਲੀਕੀਆਂ ਨਹੀਂ ਜਾਣੀਆਂ ਚਾਹੀਦੀਆਂ। ਪੱਛਮੀ ਘਾਟਾਂ ਵਾਲੇ ਰਾਜਾਂ ਵਿਚ ਵਿਕਾਸ ਯੋਜਨਾਵਾਂ ਲਾਗੂ ਕਰਨ ਤੋਂ ਪਹਿਲਾ ਮਾਧਵ ਗਾਡਗਿਲ ਕਮੇਟੀ ਦੀ ਰਿਪੋਰਟ ਅਤੇ ਉਸ ਦੀਆਂ ਸਿਫ਼ਾਰਸਾਂ ਨੂੰ ਸੰਜੀਦਗੀ ਨਾਲ ਵਿਚਾਰਨਾ ਚਾਹੀਦਾ ਹੈ। ਕੇਂਦਰ ਸਰਕਾਰ ਨੂੰ ਚਾਹੀਦਾ ਹੈ ਕਿ ਕੌਮਾਂਤਰੀ ਪੱਧਰ ਉੱਤੇ ਗਰੀਨਹਾਊਸ ਗੈਸਾਂ ਦੀ ਨਿਕਾਸੀ ਘਟਾਉਣ ਵਿਚ ਪੂਰਾ ਸਹਿਯੋਗ ਦੇਵੇ ਅਤੇ ਕੌਮੀ ਪੱਧਰ 'ਤੇ ਵਿਕਾਸ ਕਾਰਜ ਕੁਦਰਤ ਅਤੇ ਲੋਕ-ਪੱਖੀ ਬਣਾਵੇ।

**ਡਾ. ਗੁਰਿੰਦਰ ਕੌਰ**
***ਸਾਬਕਾ ਪ੍ਰੋਫ਼ੈਸਰ, ਜਿਓਗਰਾਫ਼ੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।**


# ਸਿਆਸਤ ਦਾ ਅਪਰਾਧੀਕਰਨ

ਪਿਛਲੇ ਸਾਲ (13 ਫਰਵਰੀ, 2020 ਨੂੰ) ਸੁਪਰੀਮ ਕੋਰਟ ਨੇ ਆਪਣੇ ਆਦੇਸ਼ ਵਿਚ ਦੇਸ਼ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਨੂੰ ਕਿਹਾ ਸੀ ਕਿ ਉਹ ਲੋਕ ਸਭਾ ਅਤੇ ਵਿਧਾਨ ਸਭਾਵਾਂ ਵਿਚ ਆਪਣੇ ਉਮੀਦਵਾਰਾਂ ਦੇ ਅਪਰਾਧਿਕ ਪਿਛੋਕੜ ਬਾਰੇ ਜਾਣਕਾਰੀ ਵੱਧ ਪੜ੍ਹੀਆਂ ਜਾਣ ਵਾਲੀਆਂ ਅਖ਼ਬਾਰਾਂ, ਸੋਸ਼ਲ ਮੀਡੀਆ ਅਤੇ ਆਪਣੀਆਂ ਵੈੱਬਸਾਈਟਾਂ 'ਤੇ ਪ੍ਰਕਾਸ਼ਿਤ ਕਰਨ। ਸਿਆਸੀ ਪਾਰਟੀਆਂ ਸਰਬਉੱਚ ਅਦਾਲਤ ਦੇ ਨਿਰਦੇਸ਼ਾਂ ਦੀ ਪਾਲਣਾ ਸਹੀ ਤਰੀਕੇ ਨਾਲ ਨਹੀਂ ਕਰ ਰਹੀਆਂ। ਇਸ ਸਬੰਧ ਵਿਚ ਵਕੀਲ ਬ੍ਰਿਜੇਸ਼ ਸਿੰਘ ਨੇ ਬਿਹਾਰ ਦੀਆਂ ਵਿਧਾਨ ਸਭਾ ਚੋਣਾਂ ਦੇ ਪ੍ਰਸੰਗ ਵਿਚ ਸਿਆਸੀ ਪਾਰਟੀਆਂ ਵਿਰੁੱਧ ਅਦਾਲਤ ਦੇ ਹੁਕਮਾਂ ਦੀ ਅਵੱਗਿਆ ਕਰਨ ਕਰਕੇ ਅਦਾਲਤ ਦੀ ਤੌਹੀਨ () ਦਾ ਦਾਅਵਾ ਕੀਤਾ। ਸੋਮਵਾਰ ਜਸਟਿਸ ਆਰਐਫ਼ ਨਾਰੀਮਨ ਅਤੇ ਜਸਟਿਸ ਬੀਆਰ ਗਵਈ 'ਤੇ ਆਧਾਰਿਤ ਬੈਂਚ ਨੇ ਜਨਤਾ ਦਲ (ਯੂਨਾਈਟਿਡ), ਰਾਸ਼ਟਰੀ ਜਨਤਾ ਦਲ (ਆਰਜੇਡੀ), ਕਾਂਗਰਸ, ਭਾਰਤੀ ਜਨਤਾ ਪਾਰਟੀ, ਰਾਸ਼ਟਰੀ ਲੋਕ ਸਮਤਾ ਪਾਰਟੀ ਅਤੇ ਲੋਕ ਜਨਨਾਇਕ ਪਾਰਟੀ (ਐੱਲਜੇਪੀ) ਨੂੰ ਇਕ ਇਕ ਲੱਖ, ਨੈਸ਼ਨਲਿਸਟ ਕਾਂਗਰਸ ਪਾਰਟੀ (ਐੱਨਸੀਪੀ) ਨੂੰ ਦੋ ਲੱਖ ਅਤੇ ਸੀਪੀਐੱਮ ਨੂੰ ਪੰਜ ਲੱਖ ਰੁਪਏ ਜੁਰਮਾਨਾ ਕੀਤਾ ਹੈ। ਬਿਹਾਰ ਵਿਧਾਨ ਸਭਾ ਵਿਚ ਸਾਰੀਆਂ ਮੁੱਖ ਰਾਜਨੀਤਕ ਪਾਰਟੀਆਂ ਦੇ ਉਮੀਦਵਾਰਾਂ ਵਿਚੋਂ ਵੱਡੀ ਗਿਣਤੀ ਖ਼ਿਲਾਫ਼ ਅਪਰਾਧਿਕ ਮਾਮਲੇ ਦਰਜ ਹਨ: ਭਾਜਪਾ ਅਤੇ ਆਰਜੇਡੀ ਦੇ ਉਮੀਦਵਾਰਾਂ 'ਚੋਂ 70 ਫ਼ੀਸਦੀ ਵਿਰੁੱਧ, ਜਨਤਾ ਦਲ (ਯੂ) ਦੇ ਉਮੀਦਵਾਰਾਂ 'ਚੋਂ 49 ਫ਼ੀਸਦੀ ਅਤੇ ਕਾਂਗਰਸ ਦੇ ਉਮੀਦਵਾਰਾਂ 'ਚੋਂ 64 ਫ਼ੀਸਦੀ ਵਿਰੁੱਧ ਅਪਰਾਧਿਕ ਕੇਸ ਦਰਜ ਹਨ। ਐੱਲਜੇਪੀ ਅਤੇ ਬੀਐੱਸਪੀ ਦੇ ਉਮੀਦਵਾਰਾਂ ਵਿਚੋਂ ਕ੍ਰਮਵਾਰ 52 ਫ਼ੀਸਦੀ ਅਤੇ 37 ਫ਼ੀਸਦੀ ਵਿਰੁੱਧ ਅਪਰਾਧਿਕ ਕੇਸ ਚੱਲ ਰਹੇ ਹਨ।

ਸਿਆਸੀ ਪਾਰਟੀਆਂ ਦਲੀਲ ਦਿੰਦੀਆਂ ਕਿ ਬਹੁਤ ਵਾਰ ਸੱਤਾਧਾਰੀ ਪਾਰਟੀਆਂ ਸਿਆਸੀ ਰੰਜਿਸ਼ ਤੇ ਵਿਰੋਧ ਕਾਰਨ ਵਿਰੋਧੀਆਂ ਵਿਰੁੱਧ ਕੇਸ ਦਰਜ ਕਰਵਾਉਂਦੀਆਂ ਹਨ। ਜੇ ਇਹ ਸਹੀ ਹੈ ਤਾਂ ਅੰਕੜਿਆਂ ਤੋਂ ਇਹ ਵੀ ਸਪੱਸ਼ਟ ਹੈ ਕਿ ਸਾਰੀਆਂ ਸਿਆਸੀ ਪਾਰਟੀਆਂ ਵਿਰੋਧੀਆਂ ਖ਼ਿਲਾਫ਼ ਕਾਰਵਾਈਆਂ ਕਰਦੀਆਂ ਹਨ। ਵਿਸ਼ਲੇਸ਼ਣ ਦੱਸਦਾ ਹੈ ਕਿ ਕੁਝ ਉਮੀਦਵਾਰਾਂ ਵਿਰੁੱਧ ਸੰਗੀਨ ਮਾਮਲਿਆਂ 'ਚ ਕੇਸ ਦਰਜ ਹਨ ਅਤੇ ਲੋਕਾਂ 'ਚ ਉਨ੍ਹਾਂ ਦੀ ਪਛਾਣ ਵੀ ਅਪਰਾਧੀਆਂ ਵਾਲੀ ਹੈ। ਮੁੱਖ ਸਵਾਲ ਹੈ ਕਿ ਲੋਕ ਅਜਿਹੇ ਉਮੀਦਵਾਰਾਂ ਨੂੰ ਨੁਮਾਇੰਦਿਆਂ ਵਜੋਂ ਕਿਉਂ ਚੁਣਦੇ ਹਨ। ਜਵਾਬ ਸਪੱਸ਼ਟ ਹੈ ਕਿ ਦੇਸ਼ ਦੀ ਸਿਆਸਤ ਇੰਨੀ ਗੰਧਲੀ ਹੋ ਚੁੱਕੀ ਹੈ ਕਿ ਸ਼ਰੀਫ਼ ਇਨਸਾਨ ਇਸ 'ਚ ਪੈਰ ਰੱਖਣ ਤੋਂ ਗੁਰੇਜ਼ ਕਰਦੇ ਹਨ। ਇਸ ਕਾਰਨ ਮਾਮਲਾ ਹੋਰ ਪੇਚੀਦਾ ਹੋ ਜਾਂਦਾ ਹੈ ਕਿਉਂਕਿ ਇਸੇ ਕਰਕੇ ਅਪਰਾਧਿਕ ਪਿਛੋਕੜ ਵਾਲੇ ਉਮੀਦਵਾਰ ਸਿਆਸਤ 'ਤੇ ਹਾਵੀ ਹੁੰਦੇ ਜਾ ਰਹੇ ਹਨ। ਇਸ ਵਰਤਾਰੇ ਦੇ ਸਮਾਜਿਕ, ਆਰਥਿਕ ਅਤੇ ਸਿਆਸੀ ਕਾਰਨ ਕਾਫ਼ੀ ਗੁੰਝਲਦਾਰ ਹਨ: ਪਹਿਲਾ ਇਹ ਹੈ ਕਿ ਵੋਟਾਂ ਵੇਲੇ ਬਾਹੂਬਲ ਦੀ ਵਰਤੋਂ ਅਪਰਾਧਿਕ ਪਿਛੋਕੜ ਵਾਲੇ ਆਗੂਆਂ ਨੂੰ ਰਾਸ ਆਉਂਦੀ ਹੈ ਅਤੇ ਦੂਸਰਾ, ਇਹ ਕਿ ਅਜਿਹੇ ਆਗੂ ਸਰਕਾਰੀ ਦਫ਼ਤਰਾਂ, ਥਾਣਿਆਂ, ਹਸਪਤਾਲਾਂ ਆਦਿ ਵਿਚ ਪਹੁੰਚ ਕਰਕੇ ਲੋਕਾਂ ਦੀ ਮਦਦ ਕਰਦੇ ਹਨ ਜਦੋਂਕਿ ਆਪਣੇ ਆਪ ਨੂੰ ਸ਼ਰੀਫ਼ ਸਮਝਦੇ ਸਿਆਸਤਦਾਨ ਅਜਿਹੀਆਂ ਥਾਵਾਂ 'ਤੇ ਜਾਣ ਤੋਂ ਝਿਜਕਦੇ ਹਨ।

ਸਿਆਸਤ ਨੂੰ ਸਾਫ਼ ਸੁਥਰਾ ਕਰਨ ਲਈ ਹਰ ਜਮਹੂਰੀਅਤ ਨੂੰ ਲੰਮੀ ਅਤੇ ਲਗਾਤਾਰ ਲੜਾਈ ਲੜਨੀ ਪੈਂਦੀ ਹੈ। ਸਾਡਾ ਦੇਸ਼ ਵੀ ਅਜਿਹੇ ਦੌਰ ਵਿਚੋਂ ਗੁਜ਼ਰ ਰਿਹਾ ਹੈ। ਅਜਿਹੇ ਹਾਲਾਤ ਵਿਚ ਸੁਪਰੀਮ ਕੋਰਟ ਦੇ ਇਹ ਆਦੇਸ਼ ਸਵਾਗਤਯੋਗ ਹਨ ਕਿਉਂਕਿ ਇਹ ਸਿਆਸੀ ਪਾਰਟੀਆਂ ਅਤੇ ਕੇਂਦਰੀ ਚੋਣ ਕਮਿਸ਼ਨ ਨੂੰ ਲੋਕਾਂ ਤਕ ਜਾਣਕਾਰੀ ਪਹੁੰਚਾਉਣ ਲਈ ਪ੍ਰਤੀਬੱਧ ਕਰ ਰਹੇ ਹਨ। ਸੁਪਰੀਮ ਕੋਰਟ ਨੇ ਕੇਂਦਰੀ ਚੋਣ ਕਮਿਸ਼ਨ ਨੂੰ ਐਪ ਬਣਾਉਣ ਲਈ ਕਿਹਾ ਹੈ ਜਿਸ 'ਤੇ ਉਮੀਦਵਾਰਾਂ ਸਬੰਧੀ ਅਜਿਹੀ ਜਾਣਕਾਰੀ ਉਪਲੱਬਧ ਹੋਵੇ ਅਤੇ ਹਰ ਵੋਟਰ ਅਜਿਹੀ ਐਪ ਤੋਂ ਇਹ ਜਾਣਕਾਰੀ ਪ੍ਰਾਪਤ ਕਰ ਸਕੇ। ਸਿਆਸੀ ਪਾਰਟੀਆਂ ਨੂੰ ਕਿਹਾ ਗਿਆ ਹੈ ਕਿ ਉਹ ਅਜਿਹੇ ਉਮੀਦਵਾਰਾਂ ਦੀ ਚੋਣ ਕਰਨ ਤੋਂ ਬਾਅਦ ਉਨ੍ਹਾਂ ਬਾਰੇ ਜਾਣਕਾਰੀ 48 ਘੰਟਿਆਂ ਦੇ ਵਿਚ ਵਿਚ ਲੋਕਾਂ ਨਾਲ ਸਾਂਝੀ ਕਰਨ। ਸਰਬਉੱਚ ਅਦਾਲਤ ਨੇ ਚਿਤਾਵਨੀ ਦਿੱਤੀ ਹੈ ਕਿ ਜੇ ਚੋਣ ਕਮਿਸ਼ਨ ਕਿਸੇ ਪਾਰਟੀ ਦੁਆਰਾ ਇਨ੍ਹਾਂ ਆਦੇਸ਼ਾਂ ਦੀ ਅਵੱਗਿਆ ਦਾ ਮਾਮਲਾ ਅਦਾਲਤ ਦੇ ਸਾਹਮਣੇ ਲਿਆਉਂਦਾ ਹੈ ਤਾਂ ਉਸ ਪਾਰਟੀ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ। ਇਹ ਕਦਮ ਸਿਆਸਤ ਵਿਚ ਕੁਝ ਪਾਰਦਰਸ਼ਤਾ ਤਾਂ ਲਿਆਉਣਗੇ ਪਰ ਜਮਹੂਰੀ ਤਾਕਤਾਂ ਨੂੰ ਸਿਆਸਤ ਦੇ ਅਪਰਾਧੀਕਰਨ ਵਿਰੁੱਧ ਲੰਮੀ ਲੜਾਈ ਲੜਨੀ ਪੈਣੀ ਹੈ। ਅਜਿਹੀ ਲੜਾਈ ਲੋਕਾਂ ਵਿਚ ਸਮੂਹਿਕ ਚੇਤਨਾ ਲਿਆਉਣ ਅਤੇ ਜਨਤਕ ਘੋਲਾਂ ਰਾਹੀਂ ਹੀ ਸੰਭਵ ਹੈ।

# ਦਾਦੇ ਵਾਂਗ ਫ਼ੌਜ ਵਿੱਚ ਸੇਵਾ ਕਰਨੀ ਚਾਹੁੰਦਾ ਸੀ ਸਿਧਾਰਥ



**ਮੁੰਬਈ।** ਅਦਾਕਾਰ ਸਿਧਾਰਥ ਮਲਹੋਤਰਾ ਨੇ ਆਪਣੀ ਹਾਲ ਹੀ ਵਿੱਚ ਰਿਲੀਜ਼ ਹੋਈ ਫਿਲਮ 'ਸ਼ੇਰਸ਼ਾਹ' ਵਿੱਚ 1999 ਦੀ ਕਾਰਗਿਲ ਜੰਗ ਵਿੱਚ ਸ਼ਹੀਦ ਹੋਏ ਕੈਪਟਨ ਵਿਕਰਮ ਬੱਤਰਾ ਦੀ ਭੂਮਿਕਾ ਅਦਾ ਕੀਤੀ ਹੈ। ਇੱਕ ਫ਼ੌਜੀ ਦੇ ਰੂਪ ਵਿੱਚ ਉਸ ਦੀ ਭੂਮਿਕਾ ਨੂੰ ਦਰਸ਼ਕਾਂ ਨੇ ਖੂਬ ਸਰਾਹਿਆ ਹੈ। ਵਿਕਰਮ ਬੱਤਰਾ ਦਾ ਕਿਰਦਾਰ ਸਿਧਾਰਥ ਦੇ ਕਾਫੀ ਨਜ਼ਦੀਕ ਹੈ ਕਿਉਂਕਿ ਉਸ ਦੇ ਦਾਦਾ ਜੀ ਵੀ ਭਾਰਤੀ ਫ਼ੌਜ ਵਿੱਚ ਸੇਵਾ ਕਰ ਚੁੱਕੇ ਹਨ। ਇਸ ਬਾਰੇ ਸਿਧਾਰਥ ਨੇ ਕਿਹਾ, ''ਮੈਂ ਵੀ ਆਪਣੇ ਦਾਦਾ ਜੀ ਦੀ ਤਰ੍ਹਾਂ ਭਾਰਤੀ ਫ਼ੌਜ ਵਿੱਚ ਸੇਵਾ ਕਰਨੀ ਚਾਹੁੰਦਾ ਸੀ, ਜਿਨ੍ਹਾਂ 1962 ਦੀ ਭਾਰਤ-ਚੀਨ ਜੰਗ ਵੀ ਲੜੀ।'' ਉਸ ਨੇ ਕਿਹਾ, ''ਮੈਂ ਇਸ ਫਿਲਮ ਰਾਹੀਂ ਬਹੁਤ ਕੁਝ ਸਿੱਖਿਆ। ਭਾਵੇਂ ਮੈਂ ਆਪਣੇ ਦਾਦਾ ਜੀ ਦੀਆਂ ਗੱਲਾਂ ਰਾਹੀਂ ਫ਼ੌਜ ਬਾਰੇ ਕਈ ਕੁੱਝ ਜਾਣਿਆ ਪਰ ਫਿਲਮ ਰਾਹੀਂ ਮੈਨੂੰ ਇਸ ਦੀ ਡੂੰਘਾਈ ਵਿੱਚ ਜਾਣ ਦਾ ਮੌਕਾ ਮਿਲਿਆ। ਫ਼ੌਜ ਦੇ ਅਦਬ ਅਤੇ ਅਨੁਸ਼ਾਸਨ ਬਾਰੇ ਪਤਾ ਲੱਗਿਆ। ਇਹ ਵੇਖਣਾ ਬਹੁਤ ਹੈਰਾਨੀਜਨਕ ਹੈ ਕਿ ਉਨ੍ਹਾਂ ਦੀ ਕਾਰਜ ਪ੍ਰਣਾਲੀ ਕਿੰਨੀ ਪੇਸ਼ੇਵਰ ਹੈ। ਮੈਨੂੰ ਲੱਗਦਾ ਹੈ ਕਿ ਸਾਡੀ ਫ਼ੌਜ ਦੁਨੀਆ ਦੀਆਂ ਸਰਬੋਤਮ ਫ਼ੌਜਾਂ ਵਿੱਚੋਂ ਇੱਕ ਹੈ। ਮੈਂ ਇਸ ਅਸਲ ਜ਼ਿੰਦਗੀ ਦੇ ਨਾਇਕ ਦਾ ਛੋਟਾ ਜਿਹਾ ਹਿੱਸਾ ਨਿਭਾ ਕੇ ਬਹੁਤ ਖ਼ੁਸ਼ ਹਾਂ।'' ਜ਼ਿਕਰਯੋਗ ਹੈ ਕਿ ਸਿਧਾਰਥ ਆਉਂਦੇ ਦਿਨੀਂ ਫਿਲਮਾਂ 'ਥੈਂਕ ਗੌਡ' ਅਤੇ 'ਮਿਸ਼ਨ ਮਜਨੂੰ' ਵਿੱਚ ਨਜ਼ਰ ਆਵੇਗਾ।

# ਫਿਲਮ ਦੀ ਸਫ਼ਲਤਾ ਤੇ ਅਸਫ਼ਲਤਾ ਦਾ ਮਾਪਦੰਡ ਕੀਰਤੀ ਦੀ ਸਮਝ ਤੋਂ ਪਰ੍ਹੇ



**ਨਵੀਂ ਦਿੱਲੀ।** ਬੌਲੀਵੁੱਡ ਅਦਾਕਾਰਾ ਕੀਰਤੀ ਕੁਲਹਾਰੀ ਇਸ ਗੱਲ ਲਈ ਸਹਿਮਤ ਹੈ ਕਿ ਜੇਕਰ ਅਦਾਕਾਰ ਚੰਗੀ ਪੇਸ਼ਕਾਰੀ ਨਹੀਂ ਦਿੰਦੇ ਤਾਂ ਫਿਲਮ ਦੀ ਅਸਫ਼ਲਤਾ ਲਈ ਉਨ੍ਹਾਂ ਨੂੰ ਜ਼ਿੰਮੇਵਾਰ ਮੰਨ ਲੈਣਾ ਚਾਹੀਦਾ ਹੈ। ਹਾਲਾਂਕਿ ਫ਼ਿਲਮ 'ਪਿੰਕ' ਸਟਾਰ ਨੇ ਕਿਹਾ ਕਿ ਉਸ ਨੂੰ ਸੱਚਮੁੱਚ ਸਮਝ ਨਹੀਂ ਆਉਂਦੀ ਕਿ ਇੱਕ ਫਿਲਮ ਸਫ਼ਲ ਜਾਂ ਅਸਫ਼ਲ ਕਿਉਂ ਹੁੰਦੀ ਹੈ। ਅੱਜ ਇੱਥੇ ਗੱਲਬਾਤ ਕਰਦਿਆਂ ਕੀਰਤੀ ਨੇ ਕਿਹਾ, ''ਬੇਸ਼ੱਕ, ਜੇਕਰ ਅਦਾਕਾਰ ਚੰਗੀ ਪੇਸ਼ਕਾਰੀ ਨਹੀਂ ਦਿੰਦੇ ਤਾਂ ਉਨ੍ਹਾਂ ਨੂੰ ਜ਼ਿੰਮੇਵਾਰ ਠਹਿਰਾਇਆ ਜਾ ਸਕਦਾ ਹੈ ਪਰ ਇਮਾਨਦਾਰੀ ਨਾਲ ਕਹਾ ਤਾਂ ਮੈਨੂੰ ਬੌਲੀਵੁੱਡ ਵਿੱਚ ਕੰਮ ਕਰਦਿਆਂ ਅਜੇ ਥੋੜ੍ਹਾ ਸਮਾਂ ਹੀ ਹੋਇਆ ਹੈ ਅਤੇ ਮੈਨੂੰ ਸੱਚੀਂ ਸਮਝ ਨਹੀਂ ਆਉਂਦੀ ਕਿ ਇੱਕ ਫਿਲਮ ਸਫ਼ਲ ਜਾਂ ਅਸਫ਼ਲ ਕਿਉਂ ਹੁੰਦੀ ਹੈ।'' ਅਦਾਕਾਰਾ ਨੇ ਕਿਹਾ, ''ਫਿਲਮ ਦੀ ਅਸਫ਼ਲਤਾ ਅਤੇ ਬੌਕਸ-ਆਫਿਸ 'ਤੇ ਸਫ਼ਲਤਾ ਬਹੁਤ ਵਾਰ ਅਜਿਹੀ ਚੀਜ਼ ਹੈ, ਜਿਸ ਦਾ ਕਈ ਵਾਰ ਤੁਸੀਂ ਅਨੁਮਾਨ ਨਹੀਂ ਲਗਾ ਸਕਦੇ ਅਤੇ ਕਈ ਵਾਰ ਠੀਕ-ਠਾਕ ਫਿਲਮਾਂ ਵੀ ਸਫ਼ਲ ਹੋ ਜਾਂਦੀਆਂ ਹਨ ਅਤੇ ਕਈ ਵਾਰ ਬਹੁਤ ਚੰਗੀਆਂ ਫਿਲਮਾਂ ਵੀ ਅਸਫ਼ਲ ਹੋ ਜਾਂਦੀਆਂ ਹਨ ਅਤੇ ਤੁਸੀਂ ਨਹੀਂ ਜਾਣਦੇ ਅਜਿਹਾ ਕਿਉਂ ਹੁੰਦਾ। ਮੈਂ ਵੀ ਹਾਲੇ ਇਸੇ ਅਵਸਥਾ ਵਿੱਚ ਹਾਂ, ਮੈਨੂੰ ਨਹੀਂ ਪਤਾ ਕਿਉਂ। ਮੈਂ ਇਸ ਦਾ ਪਤਾ ਨਹੀਂ ਲਗਾਇਆ ਅਤੇ ਮੈਨੂੰ ਲੱਗਦਾ ਹੈ ਕਿ ਇਸ ਦਾ ਪਤਾ ਲਾਉਣਾ ਬਹੁਤ ਮੁਸ਼ਕਲ ਹੈ।'' ਕੀਰਤੀ ਆਪਣੀ ਆਉਣ ਵਾਲੀ ਵੈੱਬ ਸੀਰੀਜ਼ 'ਹਿਊਮਨ' ਵਿੱਚ ਸ਼ੈਫਾਲੀ ਸ਼ਾਹ ਨਾਲ ਦਿਖਾਈ ਦੇਵੇਗੀ।

# ਗੁਰਦਾਸਪੁਰ ਦਾ ਪ੍ਰਿੰਸਪਾਲ ਐੱਨਬੀਏ ਸਮਰ ਲੀਗ 'ਚ ਖੇਡਣ ਵਾਲਾ ਦੂਜਾ ਭਾਰਤੀ ਬਣਿਆ




**ਨਵੀਂ ਦਿੱਲੀ।** 'ਐੱਨਬੀਏ ਸਮਰ ਲੀਗ' ਵਿੱਚ ਖੇਡਣ ਵਾਲੇ ਦੂਜੇ ਭਾਰਤੀ ਨੌਜਵਾਨ ਬਾਸਕਟਬਾਲ ਖਿਡਾਰੀ ਪ੍ਰਿੰਸਪਾਲ ਸਿੰਘ (20) ਨੇ ਕਿਹਾ ਕਿ ਉਸ ਦਾ ਸਫ਼ਰ ਕਿਸੇ ਸੁਫਨੇ ਤੋਂ ਘੱਟ ਨਹੀਂ ਰਿਹਾ ਹੈ। ਉਸ ਨੇ ਕਿਹਾ ਕਿ ਉਹ ਐੱਨਬੀਏ 'ਚ ਖੇਡਣ ਦੇ ਅਗਲੇ ਟੀਚੇ ਦੀ ਪ੍ਰਾਪਤੀ ਲਈ ਆਪਣੀ ਫਿਟਨੈੱਸ ਅਤੇ ਕੌਸ਼ਲ 'ਤੇ ਕੰਮ ਰਿਹਾ ਹੈ। ਪੰਜਾਬ ਦੇ ਜ਼ਿਲ੍ਹਾ ਗੁਰਦਾਸਪੁਰ ਦੇ ਰਹਿਣ ਵਾਲੇ ਪ੍ਰਿੰਸਪਾਲ ਸਿੰਘ ਨੇ ਲੁਧਿਆਣਾ ਬਾਸਕਟਬਾਲ ਅਕੈਡਮੀ ਦੇ ਸਾਥੀ ਸਤਨਾਮ ਸਿੰਘ ਵਾਂਗ ਹੀ ਐੱਨਬੀਏ (ਨੈਸ਼ਨਲ ਬਾਸਕਟਬਾਲ ਐਸੋਸੀਏਸ਼ਨ) ਸਮਰ ਲੀਗ 'ਚ ਸ਼ੁਰੂਆਤ ਕੀਤੀ ਹੈ, ਜਿੱਥੇ ਉਹ ਮੰਗਲਵਾਰ ਰਾਤ ਨੂੰ ਲਾਸ ਵੇਗਾਸ 'ਚ ਸੈਕਰਾਮੈਂਟੋ ਕਿੰਗਜ਼ ਵੱਲੋਂ ਵਾਸ਼ਿੰਗਟਨ ਵਿਜ਼ਾਰਡ ਖ਼ਿਲਾਫ਼ ਖੇਡਿਆ। ਪ੍ਰਿੰਸਪਾਲ ਨੇ ਵਰਚੁਅਲ ਪ੍ਰੈੱਸ ਕਾਨਫਰੰਸ ਵਿੱਚ ਕਿਹਾ, 'ਸਮਰ ਲੀਗ 'ਚ ਖੇਡਣਾ ਬਹੁਤ ਸ਼ਾਨਦਾਰ ਹੈ। ਮੈਂ ਬਹੁਤ ਖੁਸ਼ ਹਾਂ। ਮੈਂ ਪਹਿਲਾਂ 'ਜੀ ਲੀਗ' ਵਿੱਚ ਖੇਡਿਆ ਅਤੇ ਫਿਰ 'ਸਮਰ ਲੀਗ' ਵਿੱਚ। ਮੈਂ ਖਿਡਾਰੀ ਵਜੋਂ ਅੱਗੇ ਵਧਣ ਤੋਂ ਖੁਸ਼ ਹਾਂ। ਹੁਣ ਮੈਂ ਐੱਨਬੀਏ ਲਈ ਖੇਡਣ ਬਾਰੇ ਕੰਮ ਕਰ ਰਿਹਾ ਹਾਂ। ਮੈਂ ਨਹੀਂ ਸੋਚਿਆ ਸੀ ਕਿ ਇੰਨੀ ਦੂਰ ਤੱਕ ਜਾਵਾਂਗਾ। ਇਹ ਕਦੇ-ਕਦੇ ਸੁਫਨੇ ਵਾਂਗ ਲੱਗਦਾ ਹੈ।' ਉਸ ਨੇ ਕਿਹਾ, 'ਮੇਰਾ ਅਗਲਾ ਟੀਚਾ ਐੱਨਬੀਏ 'ਚ ਖੇਡਣ ਦਾ ਹੈ, ਸਤਨਾਮ ਸਿੰਘ ਇਸ ਵਿੱਚ ਖੇਡਣ ਵਾਲਾ ਭਾਰਤੀ ਸੀ ਅਤੇ ਮੈਂ ਐੱਨਬੀਏ 'ਚ ਲੰਬੇ ਸਮੇਂ ਤੱਕ ਖੇਡਣਾ ਚਾਹੁੰਦਾ ਹਾਂ, ਇਸ ਕਰਕੇ ਮੇਰਾ ਧਿਆਨ ਖੁਦ ਨੂੰ ਫਿੱਟ ਰੱਖਣ 'ਤੇ ਲੱਗਾ ਹੋਇਆ ਹੈ।'

ਵਰਲਡ ਪੰਜਾਬੀ ਨਿਊਜ਼ ਵਿੱਚ ਪ੍ਰਕਾਸ਼ਿਤ ਹੋਣ ਵਾਲੇ ਲੇਖ ਅਤੇ ਰਚਨਾਵਾਂ ਲੇਖਕਾਂ ਦੇ ਨਿੱਜੀ ਵਿਚਾਰ ਹੋ ਸਕਦੇ ਹਨ। ਇਹਨਾਂ ਨਾਲ ਸੰਪਾਦਕ ਅਤੇ 'ਵਰਲਡ ਪੰਜਾਬੀ ਨਿਊਜ਼' ਅਦਾਰੇ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ- ਸੰਪਾਦਕ 'ਵਰਲਡ ਪੰਜਾਬੀ ਨਿਊਜ਼' ਵਿੱਚ ਪ੍ਰਕਾਸ਼ਿਤ ਹੋਣ ਵਾਲੇ ਵਿਗਿਆਪਨਾਂ ਦੀ ਪਰਖ ਪਾਠਕ ਖੁਦ ਕਰਨ। 'ਵਰਲਡ ਪੰਜਾਬੀ ਨਿਊਜ਼' ਅਦਾਰਾ ਇਹਨਾਂ ਪ੍ਰਤੀ ਜਿੰਮੇਵਾਰ ਨਹੀਂ ਹੋਵੇਗਾ- ਸੰਪਾਦਕ

# ਸਕੂਲ ਵਿੱਚ ਸੁਤੰਤਰਤਾ ਦਿਵਸ ਮਨਾਇਆ ਗਿਆ







**ਕਰਤਾਰਪੁਰ (ਜਸਵੰਤ ਵਰਮਾ, ਦਿਨੇਸ਼)** ਸੰਤ ਬਾਬਾ ਨਿਧਾਨ ਸਿੰਘ ਜੀ ਪਬਲਿਕ ਸਕੂਲ ਵਿਚ ਦੇਸ਼ ਦੀ ਸੁਤੰਤਰਤਾ ਦੀ 75ਵੀਂ ਵਰ੍ਹੇਗੰਢ ਤੇ ਆਜ਼ਾਦੀ ਦਾ ਅੰਮ੍ਰਿਤ ਮਹਾਂਉਤਸਵ ਮਨਾਇਆ ਗਿਆ। ਜਿਸ ਵਿੱਚ ਸਕੂਲ ਵਿੱਚ ਪੜ੍ਹਨ ਵਾਲੇ ਬੱਚਿਆਂ ਨੇ ਮਹਾਉਤਸਵ ਦੇ ਜ਼ਰੀਏ ਬੱਚਿਆਂ ਵਿੱਚ ਦੇਸ਼ ਭਗਤੀ ਦੀ ਭਾਵਨਾ ਜਗਾਉਣ ਦੇ ਲਈ ਕਈ ਤਰ੍ਹਾਂ ਦੀਆਂ ਪ੍ਰਤੀਯੋਗਤਾਵਾਂ ਕਰਵਾਈਆਂ ਗਈਆਂ। ਪਹਿਲੀ ਕਲਾਸ ਤੋਂ ਲੈ ਕੇ ਪੰਜਵੀਂ ਕਲਾਸ ਤੱਕ ਦੇ ਬੱਚਿਆਂ ਨੇ ਭਾਰਤ ਦੇ ਸੁਤੰਤਰਤਾ ਸੈਨਾਨੀਆਂ ਦੇ ਪੋਸਟਰ ਬਣਾਏ। ਛੇਵੀਂ ਕਲਾਸ ਤੋਂ ਲੈ ਕੇ ਦਸਵੀਂ ਕਲਾਸ ਦੇ ਬੱਚਿਆਂ ਨੇ ਆਜ਼ਾਦੀ ਦੇ ਮਹਾਉਤਸਵ ਤੇ ਬੱਚਿਆਂ ਨੇ ਆਪਣੇ- ਆਪਣੇ ਭਾਸ਼ਨ ਦੇ ਕੇ ਵਿਚਾਰ ਪੇਸ਼ ਕੀਤੇ। ਜਿਸ ਵਿਚ ਜੈਸਮੀਨ, ਅਰਸ਼ਪ੍ਰੀਤ ਕੌਰ, ਗੁਰਲੀਨ, ਨਿਹਾਰਿਕ ਅਰਸ਼ਦੀਪ, ਪਲਵੀ, ਮਾਨਵੀ, ਤਨਵੀਰ ਸਿੰਘ, ਨਵਦੀਪ, ਯੁਵਰਾਜ ਅਤੇ ਨਵਜੋਤ ਕੌਰ ਆਦਿ ਨੇ ਹਿੱਸਾ ਲਿਆ ।

# ਵਿਧਾਇਕ ਨੇ ਅਰੋੜਾ ਸਵੀਟਸ ਅਤੇ ਡੇਅਰੀ ਦਾ ਉਦਘਾਟਨ ਕੀਤਾ

**ਕਰਤਾਰਪੁਰ (ਜਸਵੰਤ ਵਰਮਾ, ਦਿਨੇਸ਼ ਕੁਮਾਰ )** ਕਰਤਾਰਪੁਰ ਵਿਖੇ ਜਨਤਾ ਕਾਲਜ ਮਾਰਕੀਟ ਵਿੱਚ ਨਵੀਂ ਖੁੱਲ੍ਹੀ ਦੁਕਾਨ ਅਰੋੜਾ ਸਵੀਟਸ ਅਤੇ ਡੇਅਰੀ ਦਾ ਉਦਘਾਟਨ ਕਰਤਾਰਪੁਰ ਦੇ ਵਿਧਾਇਕ ਚੋਧਰੀ ਸੁਰਿੰਦਰ ਸਿੰਘ ਨੇ ਰੀਬਨ ਕੱਟ ਕੇ ਕੀਤਾ।ਇਸ ਮੋਕੇ ਦੁਕਾਨ ਦੇ ਮਾਲਕ ਸੁਰੇਸ਼ ਅਰੋੜਾ, ਕਮਲ ਅਰੋੜਾ, ਤੇ ਹਿਮਾਂਸ਼ੂ ਅਰੋੜਾ ਨੇ ਦੱਸਿਆ ਸਾਡੀ ਦੁਕਾਨ ਤੇ ਵੱਧੀਆਂ ਕਵਾਲਿਟੀ ਦੀਆਂ ਮਿਠਾਈਆਂ ਅਤੇ ਵੱਧੀਆਂ ਦੁੱਧ,ਦਹੀ,ਮੱਖਣ, ਘਿਉ ਵੀ ਮਿਲੇਗਾ।

ਇਸ ਮੋਕੇ ਚੇਅਰਮੈਨ ਰਾਜ ਕੁਮਾਰ ਅਰੋੜਾ, ਪ੍ਰਧਾਨ ਪ੍ਰਿੰਸ ਅਰੋੜਾ, ਪ੍ਰਿੰਸੀਪਲ ਆਰ ਐਲ ਸੈਲੀ, ਕੌਂਸਲਰ ਸੁਰਿੰਦਰ ਕੁਮਾਰ, ਕੌਂਸਲਰ ਤੇਜਪਾਲ ਸਿੰਘ, ਵੇਦ ਪ੍ਰਕਾਸ਼, ਦੀਪਾ ਅਰੋੜਾ, ਸ਼ਿਵਮ ਅਰੋੜਾ, ਅਸ਼ੋਕ ਬਿੱਟੂ, ਨਾਥੀ ਸਨੋ-ਤਰਾ, ਹੀਰਾ ਲਾਲ ਖੋਸਲਾ, ਕੌਂਸਲਰ ਉਕਾਂਰ ਸਿੰਘ ਮਿੱਠੂ,ਕੌਂਸਲਰ ਸ਼ਾਮ ਸੁੰਦਰ, ਹਰੀ ਚੰਦ ਗਿਰਧਰ, ਅਨੀਲ ਵਰਮਾ, ਸੰਜੂ ਅਗਰਵਾਲ, ਸੁਰਿੰਦਰ ਆਨੰਦ, ਕਾਲਾ ਸੇਠ,ਸੁੱਖਾ ਸਰਪੰਚ, ਰਮਨ ਕੁਮਾਰ, ਕਾਲੀ ਸਭਰਵਾਲ,ਮਹਿੰਦਰ ਸਿੰਘ ਬਿੱਲੂ, ਨਰਿੰਦਰ ਝਮਟ, ਕੌਂਸਲਰ ਅਸ਼ੋਕ ਕੁਮਾਰ, ਰਾਜਨ ਸ਼ਰਮਾ, ਦੀਪਕ ਉੱਪਲ,



ਨਿਸ਼ਾਤ ਉੱਪਲ, ਵਿਜੈ ਕੁਮਾਰ, ਅਜੇ ਕੁਮਾਰ ਕਾਲਾ, ਸ਼ਿਵ ਕੁਮਾਰ, ਕੁਲਵਿੰਦਰ ਕੌਰ, ਅਜੇ ਕੁਮਾਰ, ਡੀ ਐਸ ਪੀ ਸੁੱਖ ਪਾਲ ਸਿੰਘ,ਸੁਰਿੰਦਰ ਨਾਹਰ, ਭੁਪਿੰਦਰ ਸਿੰਘ ਮਾਹੀ ਆਦਿ ਬਹੁਤ ਸਾਰੇ ਪਤਵੰਤੇ ਸੱਜਣ ਹਾਜਰ ਸਨ।

# ਡੀ .ਏ.ਵੀ. ਬਿਲਗਾ ਵਿਖੇ ਤੀਆਂ ਦਾ ਤਿਉਹਾਰ ਮਨਾਇਆ ਗਿਆ

**ਬਿਲਗਾ (ਵਿਨੋਦ ਬੱਤਰਾ )** ਹਰਿਆਲੀ ਤੀਜ ਦਾ ਤਿਉਹਾਰ ਐਸ.ਆਰ.ਟੀ ਡੀ.ਏ.ਵੀ ਪਬਲਿਕ ਸਕੂਲ, ਬਿਲਗਾ ਵਿਖੇ ਬੜੀ ਧੂਮ -ਧਾਮ ਮਨਾਇਆ ਗਿਆ। ਇਸ ਮੌਕੇ ਸਾਰੀਆਂ ਵਿਦਿਆਰਥਣਾਂ ਰਵਾਇਤੀ ਪੰਜਾਬੀ ਪਹਿਰਾਵੇ ਵਿੱਚ ਸਕੂਲ ਆਈਆਂ ਇਸ ਮੌਕੇ ਛੱਜ ਸਜਾਵਟ, ਪੱਖੀ ਸਜਾਵਟ ਅਤੇ ਮਹਿੰਦੀ ਮੁਕਾਬਲੇ ਕਰਵਾਏ ਗਏ ਛੱਜ ਸਜਾਵਟ ਵਿੱਚ ਸਿਮਰਨਪ੍ਰੀਤ ਕੌਰ ਨੇ ਪਹਿਲਾ ਸਥਾਨ, ਉਪਾਸਨਾ ਨੇ ਦੂਜਾ ਸਥਾਨ ਅਤੇ ਹਰਲੀਨ ਕੌਰ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਪੱਖੀ ਸਜਾਵਟ ਵਿੱਚ ਸਨੇਹ ਪ੍ਰੀਤ ਅਤੇ ਸੁਭਨੀਤ ਨੇ ਪਹਿਲਾ ਸਥਾਨ, ਅਨੁਪ੍ਰੀਤ ਅਤੇ ਸੁਰਨਪ੍ਰੀਤ, ਮਾਨਸੀ ਅਤੇ ਸੁਰਲੀਨ ਨੇ ਸਾਂਝੇ ਤੌਰ ਤੇ ਦੂਜਾ ਸਥਾਨ ਅਤੇ ਜਸਮੀਤ ਕੌਰ ਦੁਸਾਂਝ ਅਤੇ ਜਸਮੀਤ ਕੌਰ ਸ਼ੇਰਗਿੱਲ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਮਹਿੰਦੀ ਲਗਾਓ ਮੁਕਾਬਲੇ ਵਿੱਚ ਸਿਮਰਨਪ੍ਰੀਤ ਨੇ ਪਹਿਲਾ ਸਥਾਨ, ਅਨਮੋਲ ਨੇ ਦੂਜਾ ਸਥਾਨ ਅਤੇ ਹਰਲੀਨ ਕੌਰ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਸਕੂਲ ਦੇ ਪ੍ਰਿੰਸੀਪਲ ਸ੍ਰੀ ਰਵੀ ਸ਼ਰਮਾ ਨੇ ਕਿਹਾ ਕਿ ਅਜਿਹੇ ਤਿਉਹਾਰ ਮਨਾਉਣ ਨਾਲ ਵਿਦਿਆਰਥੀ ਆਪਣੇ ਸੱਭਿਆਚਾਰ ਨਾਲ ਜੁੜੇ ਰਹਿੰਦੇ ਹਨ ਅਤੇ ਆਪਣੇ ਵਿਰਸੇ ਨੂੰ ਪੀੜ੍ਹੀ ਦਰ ਪੀੜ੍ਹੀ



ਸੰਭਾਲਦੇ ਹਨ। ਇਸ ਮੌਕੇ ਸਕੂਲ ਦੇ ਵਿਦਿਆਰਥੀਆਂ ਨੇ ਸਾਵਣ, ਦੇ ਸਭਿਆਚਾਰਕ ਪ੍ਰੋਗਰਾਮ ਤੇ ਖੀਰ-ਪੂੜੇ ਦੇ ਪਕਵਾਨਾਂ ਦਾ ਅਨੰਦ ਵੀ ਮਾਣਿਆ। ਇਸ ਮੌਕੇ ਤੇ ਅਨੀਤਾ ਸ਼ਰਮਾ ਵਿਸ਼ੇਸ਼ ਰੂਪ ਵਿਚ ਆਏ ।

# ਬਿਲਗਾ ਦੇ ਸਰਕਾਰੀ ਕੰਨਿਆ ਸਕੂਲ ਚ ਕਰਵਾਇਆ ਮੈਥ ਮੇਲਾ

**ਬਿਲਗਾ (ਵਿਨੋਦ ਬੱਤਰਾ)** ਬਾਬਾ ਭਗਤ ਸਿੰਘ ਬਿਲਗਾ ਗੌਰਮਿੰਟ ਗਰਲਜ਼ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਬਿਲਗਾ ਵਿਖੇ ਮੈਥ ਮੇਲਾ ਕਰਵਾਇਆ ਗਿਆ। ਇਹ ਮੇਲਾ ਪ੍ਰਿੰਸੀਪਲ ਸ੍ਰੀਮਤੀ ਗੁਰਮੀਤ ਕੌਰ ਦੀ ਅਗਵਾਈ ਹੇਠ ਕਰਵਾਇਆ ਗਿਆ। ਇਸ ਮੇਲੇ ਦਾ ਸਿਹਰਾ ਮੈਥ ਅਧਿਆਪਕ ਸ੍ਰੀ ਅਮਿਤ ਕੁਮਾਰ ਅਤੇ ਮੈਥ ਅਧਿਆਪਕਾ ਸ੍ਰੀਮਤੀ ਕੁਲਦੀਪ ਕੌਰ ਨੂੰ ਜਾਂਦਾ ਹੈ। ਇਸ ਮੈਥ ਮੇਲੇ ਵਿਚ ਮਾਸਟਰ ਪ੍ਰਸ਼ੋਤਮ ਲਾਲ ਬਿਲਗਾ ਅਤੇ ਮੈਨੇਜਮੈਂਟ ਕਮੇਟੀ ਦੇ ਚੇਅਰਮੈਨ ਹਰਤੇਜ ਪਾਲ 'ਤੇਜੀ' ਵਿਸ਼ੇਸ਼ ਤੌਰ ਤੇ ਪਹੁੰਚੇ। ਮੇਲੇ ਵਿਚ ਛੇਵੀਂ ਜਮਾਤ ਤੋਂ ਲੈ ਕੇ ਦਸਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ ਮਾਸਟਰ ਪ੍ਰਸ਼ੋਤਮ ਲਾਲ ਬਿਲਗਾ ਨੇ ਦੱਸਿਆ ਕਿ ਉਨ੍ਹਾਂ ਵਲੋਂ ਵਿਦਿਆਰਥੀਆਂ ਤੋਂ ਪੁੱਛੇ ਗਏ ਸਵਾਲਾਂ ਦੇ ਜਵਾਬ ਵਧੀਆ ਤਰੀਕੇ ਨਾਲ ਦਿੱਤੇ ਗਏ। ਇਸ ਮੌਕੇ ਤੇ ਇਕਨਾਮਿਕਸ ਲੈਕਚਰਾਰ ਮੰਗਤ ਵਾਲੀਆ, ਦਲਜੀਤ ਸਿੰਘ, ਸੁਨੀਤਾ ਲਹਿਰੀ, ਸੁਨੀਤਾ, ਸੁਖਵਿੰਦਰ ਕੌਰ, ਮੋਹਿੰਦਰ ਜੀਤ ਕੌਰ, ਮੋਨਾ ਜੱਸਲ, ਸਤੀਸ਼ ਕੁਮਾਰ, ਸਿਮਰਜੋਤ ਸਿੰਘ, ਰਮਨਜੀਤ, ਮਨਮੀਤ ਕੌਰ, ਰਾਜੀਵ ਕਾਲੀਆ ਸ਼ਾਇਨਾ ਆਦਿ ਹਾਜ਼ਰ ਸਨ।



# ਨਗਰ ਬਿਲਗਾ ਵਿਖੇ ਸਾਲਾਨਾ ਪੰਜ ਰੋਜਾ ਤੀਆਂ ਦਾ ਤਿਉਹਾਰ ਹੋਇਆ ਸ਼ਾਨੋ ਸ਼ੌਕਤ ਨਾਲ ਸੰਪਨ



ਬਿਲਗਾ (ਵਿਨੋਦ ਬੱਤਰਾ) ਨਗਰ ਬਿਲਗਾ ਦੇ ਦਰਬਾਰ ਲੱਖ ਦਾਤਾ ਪੀਰ ਪੱਤੀ ਭੋਜਾ ਵਿਖੇ ਜੋਤੀ ਮਹੰਤ ਵਲੋਂ ਸ਼ੁਰੂ ਕੀਤਾ ਤੀਆਂ ਦਾ ਤਿਉਹਾਰ ਸ਼ਰਧਾ ਭਾਵਨਾ ਅਤੇ ਪੂਰੇ ਵਿਧੀ ਵਿਧਾਨ ਨਾਲ ਤੀਆਂ ਤਾਰਨ ਤੇ ਸੰਪਨ ਹੋਇਆ। ਇਸ ਮੌਕੇ ਪਰਮਿੰਦਰ ਸਿੰਘ ਸੰਘੇੜਾ ਵਾਈਸ ਪ੍ਰਧਾਨ ਨਗਰ ਪੰਚਾਇਤ ਬਿਲਗਾ ਨੇ ਦੱਸਿਆ ਕਿ ਇਹ ਤਿਉਹਾਰ ਨਗਰ ਖੇੜੇ ਦੀ ਖੁਸ਼ੀ ਲਈ ਲਗਾਤਾਰ ਕਈ ਸਾਲਾਂ ਤੋਂ ਮਨਾਇਆ ਜਾ ਰਿਹਾ ਹੈ। ਜਿਸ ਵਿਚ ਦਰਬਾਰ ਦੇ ਸੇਵਾਦਾਰ ਜੋਤੀ ਮਹੰਤ ਵੱਲੋਂ ਇਕ ਸਾਲ ਸੂੱਟ ਅਤੇ ਇਕ ਸਾਲ ਦੁਪੱਟੇ ਵੰਡੇ ਜਾਂਦੇ ਹਨ ਅਤੇ ਲੰਗਰ ਲਗਾਏ ਜਾਂਦੇ ਹਨ। ਪਿੰਡ ਦੀਆਂ ਮੁਟਿਆਰਾਂ ਵਲੋਂ ਬੋਲੀਆਂ ਤੇ ਗਿੱਧਾ ਪਾਇਆ ਜਾਂਦਾ ਹੈ ਤੇ ਪੀਂਘਾਂ ਝੂਟ ਕੇ ਮੁਟਿਆਰਾਂ ਖੁਸ਼ੀਆਂ ਮਨਾਉਂਦੀਆਂ ਹਨ। ਉਨ੍ਹਾਂ ਕਿਹਾ ਕਿ ਲੱਖ ਦਾਤਾ ਪੀਰ ਜੀ ਦੀ ਕਿਰਪਾ ਨਾਲ ਕੁੱਲ ਦੁਨੀਆਂ ਨੂੰ ਕਰੋਨਾ ਜਿਹੀ ਭਿਆਨਕ ਬਿਮਾਰੀ ਤੋਂ ਛੇਤੀ ਨਿਜਾਤ ਮਿਲੇ ਤਾਂ ਕਿ ਇਸ ਤਰ੍ਹਾਂ ਦੇ ਤਿਉਹਾਰਾਂ ਦੇ ਦਿਨਾਂ ਨੂੰ ਖੁਸ਼ੀਆਂ ਨਾਲ ਮਨਾਇਆ ਜਾ ਸਕੇ। ਇਸ ਮੌਕੇ ਬਲਕਾਰ ਸਿੰਘ, ਪੂਜਾ ਮਹੇ ਮੈਂਬਰ ਨਗਰ ਪੰਚਾਇਤ ਬਿਲਗਾ, ਸੰਦੀਪ ਕੁਮਾਰ ਕੈਂਥ ਮੈਂਬਰ ਨਗਰ ਪੰਚਾਇਤ ਬਿਲਗਾ, ਦਲਬੀਰ ਸਿੰਘ ਕੱਦੋ ਮੈਂਬਰ ਨਗਰ ਪੰਚਾਇਤ ਬਿਲਗਾ, ਹਰਤੇਜ ਤੇਜੀ ਮੈਂਬਰ ਨਗਰ ਪੰਚਾਇਤ ਬਿਲਗਾ, ਸੰਨੀ ਅਤੇ ਅਸ਼ਵਨੀ ਕੁਮਾਰ ਤੋਂ ਇਲਾਵਾ ਹੋਰ ਨਗਰ ਵਾਸੀ ਹਾਜ਼ਰ ਸਨ।

# 1971 ਦੀ ਜੰਗ 'ਚ ਹਿੱਸਾ ਲੈਣ ਵਾਲੇ ਫੌਜੀਆਂ ਨੂੰ ਕੀਤਾ ਯਾਦ

**ਜਲੰਧਰ।** ਆਜ਼ਾਦੀ ਦੀ 75ਵੀਂ ਵਰ੍ਹੇਗੰਢ ਤੋਂ ਇਕ ਦਿਨ ਪਹਿਲਾਂ ਹੀ ਦੇਸ਼ ਨੇ 1971 ਦੀ ਜੰਗ ਦੇ 50 ਸਾਲ ਪੂਰੇ ਹੋਣ 'ਤੇ ਉਨ੍ਹਾਂ ਫ਼ੌਜੀ ਜਵਾਨਾਂ ਨੂੰ ਯਾਦ ਕੀਤਾ, ਜਿਨ੍ਹਾਂ ਇਸ ਜੰਗ ਵਿੱਚ ਹਿੱਸਾ ਲਿਆ ਸੀ। ਸਨਮਾਨ ਸਮਾਰੋਹ ਵਿੱਚ ਆਈ ਖੁਰਦਪੁਰ ਦੀ ਮਨਜੀਤ ਕੌਰ ਨੇ ਦੱਸਿਆ ਕਿ ਉਸ ਦੇ ਹੱਥਾਂ ਦੀ ਮਹਿੰਦੀ ਦਾ ਰੰਗ ਵੀ ਨਹੀਂ ਸੀ ਉਤਰਿਆ, ਜਦੋਂ ਉਸ ਦਾ ਪਤੀ ਕੈਪਟਨ ਹਰਭਜਨ ਸਿੰਘ ਜੰਗ ਵਿੱਚ ਸ਼ਾਮਲ ਹੋਣ ਲਈ ਸਰਹੱਦ 'ਤੇ ਚਲਾ ਗਿਆ ਸੀ। ਮਨਜੀਤ ਕੌਰ ਨੇ ਪੁਰਾਣੇ ਦਿਨ ਯਾਦ ਕਰਦਿਆਂ ਦੱਸਿਆ ਕਿ ਉਸ ਨੂੰ ਆਪਣੇ ਵਿਆਹ ਦੀ ਤਰੀਕ ਤਾਂ ਯਾਦ ਨਹੀਂ ਪਰ ਏਨਾ ਪੱਕੀ ਤਰ੍ਹਾਂ ਯਾਦ ਹੈ ਕਿ ਜਦੋਂ ਉਹ ਵਿਆਹੀ ਆਈ ਸੀ ਤਾਂ ਸੱਤਾਂ ਦਿਨਾਂ ਬਾਅਦ ਹੀ 1971 ਦੀ ਜੰਗ ਲੱਗ ਗਈ ਸੀ ਤੇ ਉਸ ਦੇ ਪਤੀ ਨੂੰ ਫ਼ੌਜ ਨੇ ਬੁਲਾ ਲਿਆ ਸੀ। ਉਨ੍ਹਾਂ ਦੱਸਿਆ ਕਿ ਇਸ ਲੜਾਈ 'ਚ ਉਸ ਦੇ ਪਤੀ ਵੱਲੋਂ ਦਿਖਾਈ ਗਈ ਦਲੇਰੀ ਸਦਕਾ ਵੀਰ ਚੱਕਰ ਨਾਲ ਸਨਮਾਨਿਆ ਗਿਆ ਸੀ। ਮਨਜੀਤ ਕੌਰ ਨੇ ਦੱਸਿਆ ਕਿ ਇਸ ਜੰਗ ਦੌਰਾਨ ਹੀ ਉਹ ਆਪਣੇ ਮਾਪਿਆਂ ਦੇ ਪਿੰਡ ਭਾਣੋ ਲੰਙਾ ਜ਼ਿਲ੍ਹਾ ਕਪੂਰਥਲਾ ਚਲੇ ਗਈ ਸੀ। ਉਸ ਨੂੰ ਗੁਆਂਢੀਆਂ ਤੋਂ ਪਤਾ ਲੱਗਾ ਸੀ ਕਿ ਉਸ ਦੇ ਪਤੀ ਕੈਪਟਨ ਹਰਭਜਨ ਸਿੰਘ ਦੀ ਸੱਜੀ ਬਾਂਹ ਅਤੇ ਖੱਬੀ ਲੱਤ ਵਿੱਚ ਪੰਜ ਗੋਲੀਆਂ ਲੱਗੀਆਂ ਸਨ। ਆਪਣੇ ਪਤੀ ਵੱਲੋਂ ਬਹਾਦਰੀ ਨਾਲ ਲੜੀ ਲੜਾਈ ਅਤੇ ਦੁਸ਼ਮਣ ਦੀਆਂ ਖਾਧੀਆਂ ਗੋਲੀਆਂ ਦਾ ਜ਼ਿਕਰ ਕਰਦਿਆਂ ਮਨਜੀਤ ਕੌਰ ਉਦੋਂ ਭਾਵੁਕ ਹੋ ਗਈ, ਜਦੋਂ ਉਸ ਨੇ ਦੱਸਿਆ ਕਿ ਕੈਪਟਨ ਹਰਭਜਨ ਸਿੰਘ ਵੱਲੋਂ ਖੱਬੇ ਹੱਥ ਨਾਲ ਆਪਣੇ ਸੁਖ-ਸਾਂਦ ਦੀ ਲਿਖੀ ਚਿੱਠੀ ਦੀ ਯਾਦ ਦਿਲ ਦੇ ਸੰਦੂਕ ਵਿੱਚ ਸਾਂਭੀ ਹੋਈ ਹੈ। ਮਨਜੀਤ ਕੌਰ ਨੇ ਕਿਹਾ ਕਿ ਉਸ ਦੇ ਪਤੀ ਦੀ ਮੌਤ 2019 ਵਿੱਚ ਹੋ ਗਈ ਸੀ ਅਤੇ ਉਸ ਨੂੰ ਅੱਜ ਵੀ ਉਨ੍ਹਾਂ ਵੱਲੋਂ ਦੇਸ਼ ਲਈ ਨਿਭਾਈਆਂ ਸੇਵਾਵਾਂ 'ਤੇ ਮਾਣ ਹੈ। ਇਥੇ ਲਧੇਵਾਲੀ ਦੇ ਰਹਿਣ ਵਾਲੇ ਵੀਰ ਚੱਕਰ ਪ੍ਰਾਪਤ ਬ੍ਰਿਗੇਡੀਅਰ ਜੋਗਿੰਦਰ ਸਿੰਘ ਜੈਸਵਾਲ ਨੇ 1971 ਦੀ ਜੰਗ ਨੂੰ ਯਾਦ ਕਰਦਿਆਂ ਦੱਸਿਆ ਕਿ ਉਸ ਦਾ ਜਨਮ 1947 ਦਾ ਹੈ ਤੇ 1970 ਵਿੱਚ ਉਹ ਫੌਜ 'ਚ ਭਰਤੀ ਹੋ ਗਿਆ ਸੀ। ਬ੍ਰਿਗੇਡੀਅਰ ਜੈਸਵਾਲ ਨੇ ਦੱਸਿਆ ਕਿ 50 ਸਾਲ ਪਹਿਲਾਂ ਜਦੋਂ ਉਹ ਸਰਹੱਦ



'ਤੇ ਲੜ ਰਿਹਾ ਸੀ ਤਾਂ ਉਨ੍ਹਾਂ ਦੀ ਤਾਇਨਾਤੀ ਅੰਮ੍ਰਿਤਸਰ ਜ਼ਿਲ੍ਹੇ ਵਿੱਚ ਬੀਐੱਸਐਫ ਦੀ ਇਕ ਚੌਕੀ 'ਤੇ ਸੀ। ਪਾਕਿਸਤਾਨ ਵਾਲੇ ਪਾਸਿਓਂ ਗੋਲੀਆਂ ਚੱਲ ਰਹੀਆਂ ਸਨ। ਉਨ੍ਹਾਂ ਨੂੰ ਇਸ ਗੱਲ ਦਾ ਪਤਾ ਨਹੀਂ ਸੀ ਲੱਗਾ ਕਿ ਦੁਸ਼ਮਣ ਫ਼ੌਜ ਦਾ ਜਵਾਨ ਬਿਲਕੁਲ ਉਨ੍ਹਾਂ ਦੇ ਨੇੜੇ ਪਹੁੰਚ ਕੇ ਗੋਲੀਬਾਰੀ ਕਰ ਰਿਹਾ ਸੀ। ਬ੍ਰਿਗੇਡੀਅਰ ਜੋਗਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੇ ਪਿੱਛੇ ਸਿਪਾਹੀ ਸੁਰਜੀਤ ਸਿੰਘ ਖੜ੍ਹਾ ਸੀ, ਜਿਸ ਨੇ ਉਨ੍ਹਾਂ ਨੂੰ ਚੌਕਸ ਕਰਦਿਆਂ ਅਜੇ 'ਸਾਬ੍ਹ ਜੀ' ਸ਼ਬਦ ਹੀ ਬੋਲਿਆ ਸੀ ਤਾਂ ਉਹ ਇਕਦਮ ਬੈਠ ਗਏ ਤੇ ਗੋਲੀ ਦੀ ਮਾਰ ਤੋਂ ਬਚ ਗਏ ਪਰ ਸੁਰਜੀਤ ਸਿੰਘ ਖੜ੍ਹਾ ਹੋਣ ਕਰਕੇ ਗੋਲੀ ਉਸ ਦੇ ਜਾ ਵੱਜੀ ਤੇ ਉਹ ਦੇਸ਼ ਲਈ ਸ਼ਹੀਦ ਹੋ ਗਿਆ। ਸੁਰਜੀਤ ਦੀ ਕੁਰਬਾਨੀ ਨੂੰ ਉਹ ਕਦੇ ਵੀ ਨਹੀਂ ਭੁੱਲੇ। ਭਿੱਖੀਵਿੰਡ ਰੋਡ 'ਤੇ ਅੱਜ ਵੀ ਉਸ ਦਾ ਪਰਿਵਾਰ ਰਹਿੰਦਾ ਹੈ, ਜਿਸ ਨੂੰ ਉਹ ਮਿਲਦੇ ਰਹਿੰਦੇ ਹਨ ਕਿਉਂਕਿ ਸੁਰਜੀਤ ਸਿੰਘ ਦੀ ਕੁਰਬਾਨੀ ਸਦਕਾ ਹੀ ਉਹ ਅੱਜ ਜ਼ਿੰਦਾ ਹੈ। ਉਨ੍ਹਾਂ ਨੇ ਸ਼ਹੀਦ ਸੁਰਜੀਤ ਸਿੰਘ ਨੂੰ ਵੀ ਸੈਨਾ ਮੈਡਲ ਦੁਆਇਆ ਸੀ।

# ਸਾਕਾ ਜੱਲ੍ਹਿਆਂਵਾਲਾ ਬਾਗ ਦੇ ਗੁੰਮਨਾਮ ਸ਼ਹੀਦਾਂ ਨੂੰ ਸਮਰਪਿਤ ਯਾਦਗਾਰ ਦਾ ਉਦਘਾਟਨ

**ਅੰਮ੍ਰਿਤਸਰ।** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਅੱਜ ਇੱਥੋਂ ਦੇ ਰਣਜੀਤ ਐਵੇਨਿਊ ਨੇੜੇ ਆਨੰਦ ਅੰਮ੍ਰਿਤ ਪਾਰਕ ਵਿੱਚ ਸਾਕਾ ਜੱਲ੍ਹਿਆਂਵਾਲਾ ਬਾਗ ਦੀ ਯਾਦਗਾਰ ਦਾ ਉਦਘਾਟਨ ਕੀਤਾ ਗਿਆ। ਇਹ ਯਾਦਗਾਰ 13 ਅਪਰੈਲ 1919 ਨੂੰ ਵਾਪਰੇ ਸਾਕੇ ਦੀ ਸ਼ਤਾਬਦੀ ਅਤੇ ਇਸ ਦੇ ਗੁੰਮਨਾਮ ਸ਼ਹੀਦਾਂ ਦੀ ਯਾਦ ਨੂੰ ਸਮਰਪਿਤ ਕੀਤੀ ਗਈ ਹੈ। ਸ਼ਹੀਦਾਂ ਦੇ ਪਰਿਵਾਰਾਂ ਦੀ ਮੌਜੂਦਗੀ ਵਿਚ ਮੁੱਖ ਮੰਤਰੀ ਨੇ ਯਾਦਗਾਰ ਦਾ ਉਦਘਾਟਨ ਕਰਦਿਆਂ ਕਿਹਾ ਕਿ ਇਹ ਦੂਜੀ ਯਾਦਗਾਰ ਉਨ੍ਹਾਂ ਸ਼ਹੀਦਾਂ ਨੂੰ ਸਮਰਪਿਤ ਕੀਤੀ ਗਈ ਹੈ, ਜਿਨ੍ਹਾਂ ਦੀ ਹਾਲੇ ਪਛਾਣ ਨਹੀਂ ਹੋ ਸਕੀ। ਇਸ ਮੌਕੇ ਮੁੱਖ ਮੰਤਰੀ ਨੇ 29 ਸ਼ਹੀਦਾਂ ਦੇ ਪਰਿਵਾਰਾਂ ਦਾ ਸਨਮਾਨ ਕੀਤਾ।

ਉਨ੍ਹਾਂ ਕਿਹਾ ਕਿ ਇਸ ਦੁਖਾਂਤ ਵਿੱਚ ਜਾਨਾਂ ਗੁਆ ਚੁੱਕੇ ਲੋਕਾਂ ਦੀ ਹਾਲੇ ਸਹੀ ਗਿਣਤੀ ਨਹੀਂ ਹੋ ਸਕੀ। ਡਿਪਟੀ ਕਮਿਸ਼ਨਰ ਦਫ਼ਤਰ ਕੋਲ ਸਿਰਫ 488 ਵਿਅਕਤੀਆਂ ਦੇ ਨਾਵਾਂ ਦੀ ਸੂਚੀ ਹੈ। ਉਨ੍ਹਾਂ ਕਿਹਾ ਕਿ ਉਸ ਦਿਨ 1250 ਗੋਲੀਆਂ ਚੱਲੀਆਂ, ਜਿਸ ਕਰਕੇ ਅਸਲ ਵਿੱਚ ਗਿਣਤੀ ਹਜ਼ਾਰਾਂ ਵਿਚ ਹੋਵੇਗੀ। ਉਨ੍ਹਾਂ ਦੱਸਿਆ ਕਿ ਸੂਬੇ ਦੀਆਂ ਵੱਖ-ਵੱਖ ਥਾਵਾਂ ਤੋਂ ਮਿੱਟੀ ਲਿਆ ਕੇ ਇਸ ਸਮਾਰਕ ਦਾ ਨਿਰਮਾਣ ਕੀਤਾ ਗਿਆ ਹੈ। ਮੌਜੂਦਾ ਸਮੇਂ ਇਸ ਯਾਦਗਾਰ 'ਤੇ ਸਰਕਾਰੀ ਤੌਰ ਉਤੇ ਸ਼ਨਾਖਤ ਕੀਤੇ ਗਏ 488 ਸ਼ਹੀਦਾਂ ਦੇ ਨਾਂ ਉਕਰੇ ਹੋਏ ਹਨ। ਇਸ ਨਵੇਂ ਸਮਾਰਕ ਵਿੱਚ ਚਿੱਟੇ ਪੱਥਰ ਦੇ ਪੰਜ ਥੰਮ੍ਹ ਬਣਾਏ ਗਏ ਹਨ, ਜੋ ਸ਼ਹੀਦਾਂ ਦੀ ਸਰਵਉੱਚ ਭਾਵਨਾ ਦਾ ਪ੍ਰਤੀਕ ਹਨ। ਇਸੇ ਦੌਰਾਨ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਅੱਜ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ 'ਸੰਤ



ਪ੍ਰੇਮ ਸਿੰਘ ਮੁਰਾਲੇ ਵਾਲੇ' ਦੇ ਨਾਂ 'ਤੇ ਚੇਅਰ ਸਥਾਪਤ ਕੀਤੀ। ਇਸ ਦੇ ਨਾਲ ਹੀ ਉਨ੍ਹਾਂ ਸ਼ੂਟਿੰਗ ਰੇਂਜ, ਸਪੋਰਟਸ ਹੋਸਟਲ (ਲੜਕੇ), ਗੋਲਡਨ ਜੁਬਲੀ ਸੈਂਟਰ, ਸਕੂਲ ਆਫ ਐਜੂਕੇਸ਼ਨ ਸਕੀਮ, ਮਾਸ ਕਮਿਊਨੀਕੇਸ਼ਨ ਵਿਭਾਗ ਅਤੇ ਹੋਟਲ ਮੈਨੇਜਮੈਂਟ ਐਂਡ ਟੂਰਿਜ਼ਮ ਵਿਭਾਗ ਦਾ ਉਦਘਾਟਨ ਵੀ ਕੀਤਾ। ਜ਼ਿਕਰਯੋਗ ਹੈ ਕਿ 'ਸੰਤ ਪ੍ਰੇਮ ਸਿੰਘ ਮੁਰਾਲੇ ਵਾਲੇ' ਲੱਖੀ ਸ਼ਾਹ ਵਣਜਾਰੇ ਦੇ ਵਾਰਸ ਸਨ। ਉਨ੍ਹਾਂ ਅਨਪੜ੍ਹਤਾ ਨੂੰ ਦੂਰ ਕਰਨ ਲਈ 1921 ਵਿਚ ਗੁਰੂ ਗੋਬਿੰਦ ਸਿੰਘ ਕਾਲਜ ਲੁਬਾਣਾ ਸਥਾਪਤ ਕੀਤਾ ਸੀ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਮੌਜੂਦਾ ਵਿੱਤੀ ਸਾਲ ਲਈ ਇਕ ਕਰੋੜ ਰੁਪਏ ਦੀ ਗ੍ਰਾਂਟ ਦਿੰਦਿਆਂ ਉਮੀਦ ਜ਼ਾਹਰ ਕੀਤੀ ਕਿ ਇਹ ਪ੍ਰਾਜੈਕਟ 'ਵਰਸਿਟੀ ਨੂੰ ਮੁਲਕ ਦੀਆਂ ਉੱਚ ਦਰਜੇ ਦੀਆਂ ਯੂਨੀਵਰਸਿਟੀਆਂ ਵਿਚ ਆਪਣਾ ਸਥਾਨ ਹੋਰ ਮਜ਼ਬੂਤ ਕਰਨ ਵਿਚ ਸਹਾਈ ਹੋਣਗੇ।

# ਟਵਿੱਟਰ ਨੇ ਕਾਂਗਰਸ ਤੇ ਰਾਹੁਲ ਦਾ ਖਾਤਾ ਬਹਾਲ ਕੀਤਾ

**ਨਵੀਂ ਦਿੱਲੀ।** ਟਵਿੱਟਰ ਨੇ ਰਾਹੁਲ ਗਾਂਧੀ, ਕਾਂਗਰਸ ਪਾਰਟੀ ਅਤੇ ਉਸ ਦੇ ਹੋਰ ਆਗੂਆਂ ਦੇ ਖਾਤੇ ਅੱਜ ਬਹਾਲ ਕਰ ਦਿੱਤੇ ਹਨ। ਜਬਰ-ਜਨਾਹ ਦੀ ਕਥਿਤ ਪੀੜਤਾ ਦੇ ਪਰਿਵਾਰ ਦੀਆਂ ਤਸਵੀਰਾਂ ਸੋਸ਼ਲ ਮੀਡੀਆ 'ਤੇ ਸਾਂਝੀਆਂ ਕਰਨ 'ਤੇ ਕਾਂਗਰਸ ਦੇ ਟਵਿੱਟਰ ਹੈਂਡਲ, ਰਾਹੁਲ ਅਤੇ ਪਾਰਟੀ ਦੇ ਹੋਰ ਆਗੂਆਂ ਦੇ ਖਾਤੇ ਬਲਾਕ ਕਰ ਦਿੱਤੇ ਗਏ ਸਨ। ਟਵਿੱਟਰ ਨੇ ਦਾਅਵਾ ਕੀਤਾ ਸੀ ਕਿ ਕਾਂਗਰਸ ਪਾਰਟੀ ਅਤੇ ਉਸ ਦੇ ਆਗੂਆਂ ਨੇ ਨੇਮਾਂ ਦੀ ਉਲੰਘਣਾ ਕੀਤੀ ਹੈ। ਕਾਂਗਰਸ ਨੇ ਟਵੀਟ ਕਰਕੇ ਸਭ ਤੋਂ ਪਹਿਲਾਂ ਬਿਆਨ ਦਿੰਦਿਆਂ ਕਿਹਾ,'ਸਤਿਆਮੇਵ ਜਯਤੇ' ਯਾਨੀ ਸੱਚਾਈ ਦੀ ਹਮੇਸ਼ਾ ਜਿੱਤ ਹੁੰਦੀ ਹੈ। ਖਾਤੇ ਬਹਾਲ ਹੋਣ ਤੋਂ ਬਾਅਦ ਕਾਂਗਰਸ ਪਾਰਟੀ ਅਤੇ ਕੁਝ ਆਗੂਆਂ ਨੇ ਹੈਸ਼ਟੈਗ 'ਟਵਿੱਟਰ ਦੇ ਪਾਖੰਡ ਖ਼ਿਲਾਫ਼ ਆਵਾਜ਼ ਬੁਲੰਦ ਕਰੋ' ਮੁਹਿੰਮ ਚਲਾ ਦਿੱਤੀ। ਇਕ ਕਾਂਗਰਸ ਆਗੂ ਨੇ ਕਿਹਾ ਕਿ ਟਵਿੱਟਰ ਤੋਂ ਭਾਰਤ ਦੇ ਲੋਕ ਜਵਾਬਦੇਹੀ ਦੀ ਮੰਗ ਕਰਦੇ ਹਨ। ਉਨ੍ਹਾਂ ਟਵਿੱਟਰ ਨੂੰ ਕਿਹਾ ਕਿ ਮੋਦੀ ਸਰਕਾਰ ਦੇ ਡਰ ਕਾਰਨ ਸਿਆਸਤ 'ਚ ਦਖ਼ਲ ਦੇਣ ਤੋਂ ਗੁਰੇਜ਼ ਕੀਤਾ ਜਾਵੇ। ਕਈ ਕਾਂਗਰਸ ਆਗੂਆਂ ਨੇ ਟਵੀਟ ਕਰਕੇ ਕਿਹਾ ਕਿ ਮੋਦੀ ਸਰਕਾਰ ਦੇ ਦਬਾਅ ਹੇਠ ਭਾਰਤੀਆਂ ਦੀ ਆਵਾਜ਼ ਦਬਾਉਣੀ ਬੰਦ ਕੀਤੀ ਜਾਵੇ। 'ਭਾਜਪਾ ਤੋਂ ਨਾ ਡਰੋ ਅਤੇ ਨਿਆਂ ਮੰਗਣ ਵਾਲੇ ਸਾਰੇ ਖਾਤੇ ਬਹਾਲ ਕੀਤੇ ਜਾਣ।' ਇਸ ਦੌਰਾਨ ਮੱਧ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ ਕਮਲ ਨਾਥ ਨੇ ਕਿਹਾ ਕਿ ਟਵਿੱਟਰ ਵੀ ਸਿਆਸਤ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਆਗੂਆਂ ਦਾ ਟਵਿੱਟਰ ਖਾਤਾ ਬੰਦ ਕਰਨਾ ਗੈਰਕਾਨੂੰਨੀ ਕਦਮ ਹੈ।

# ਪੁਰਾਣੀ ਪੈਨਸ਼ਨ ਬਹਾਲੀ ਲਈ ਮੁਜ਼ਾਹਰੇ



**ਬਠਿੰਡਾ/ਲੰਬੀ।** ਪੁਰਾਣੀ ਪੈਨਸ਼ਨ ਬਹਾਲੀ ਕਮੇਟੀ ਦੇ ਸੱਦੇ 'ਤੇ ਅੱਜ ਵੱਖ-ਵੱਖ ਵਿਭਾਗਾਂ ਦੇ ਮੁਲਾਜ਼ਮਾਂ ਵੱਲੋਂ ਬਠਿੰਡਾ ਵਿੱਚ ਡਿਪਟੀ ਸਪੀਕਰ ਅਜੈਬ ਸਿੰਘ ਭੱਟੀ ਅਤੇ ਲੰਬੀ ਵਿੱਚ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਦੀ ਕੋਠੀ ਦਾ ਘਿਰਾਓਕੀਤਾ ਗਿਆ। ਬਠਿੰਡਾ ਵਿੱਚ ਦਾਦੀ-ਪੋਤੀ ਪਾਰਕ 'ਚੋਂ ਮਾਰਚ ਕਰਦੇ ਜਾ ਰਹੇ ਮੁਲਾਜ਼ਮਾਂ ਨੇ ਦੋ ਥਾਈਂ ਪੁਲੀਸ ਨਾਕੇ ਤੋੜੇ। ਇਸ ਦੌਰਾਨ ਪੁਲੀਸ ਤੇ ਮੁਲਾਜ਼ਮਾਂ ਵਿਚਾਲੇ ਖਿੱਚ-ਧੂਹ ਵੀ ਹੋਈ। ਸੂਤਰਾਂ ਮੁਤਾਬਕ ਡਿਪਟੀ ਸਪੀਕਰ ਨੇ ਪ੍ਰਦਰਸ਼ਨਕਾਰੀਆਂ ਨਾਲ ਗੱਲਬਾਤ ਕੀਤੀ ਅਤੇ ਕਿਹਾ ਕਿ ਉਹ ਸੰਵਿਧਾਨਕ 'ਮਜਬੂਰੀ' ਵਿੱਚ ਬੱਝੇ ਹੋਣ ਕਾਰਨ ਜਨਤਕ ਤੌਰ 'ਤੇ ਕੋਈ ਬਿਆਨ ਜਾਰੀ ਨਹੀਂ ਕਰ ਸਕਦੇ ਪਰ ਉਹ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਸਰਕਾਰ ਦੇ ਹੋਰ ਨੁਮਾਇੰਦਿਆਂ 'ਤੇ ਮਸਲਾ ਹੱਲ ਕਰਨ ਲਈ ਜ਼ੋਰ ਪਾਉਣਗੇ। ਇਸ ਮੌਕੇ ਸੂਬਾ ਕੋ-ਕਨਵੀਨਰ ਜਗਸੀਰ ਸਹੋਤਾ, ਜ਼ਿਲ੍ਹਾ ਕਨਵੀਨਰ ਦਵਿੰਦਰ ਸਿੰਘ, ਸਪਿੰ-ਦਰ ਬਰਾੜ ਤੇ ਰਾਜਵੀਰ ਮਾਨ ਨੇ ਕਿਹਾ ਕਿ ਪਿਛਲੇ ਸਮੇਂ ਦੌਰਾਨ ਕਾਂਗਰਸੀ ਵਿਧਾਇਕਾਂ ਨੂੰ ਜ਼ਿਲ੍ਹਾ ਕਮੇਟੀਆਂ ਵੱਲੋਂ ਪੁਰਾਣੀ ਪੈਨਸ਼ਨ ਬਹਾਲ ਕਰਾਉਣ ਲਈ ਪੱਤਰ ਸੌਂਪੇ ਗਏ ਸਨ ਅਤੇ 11 ਜੁਲਾਈ ਨੂੰ ਬਠਿੰਡਾ ਵਿੱਚ ਰੈਲੀ ਕੀਤੀ ਗਈ ਸੀ। ਉਸ ਸਮੇਂ ਵਿਧਾਇਕਾਂ ਨੇ ਮੰਗਾਂ ਦੀ ਪੂਰਤੀ ਲਈ ਸਹਿਮਤੀ ਪ੍ਰਗਟਾਉਂਦਿਆਂ ਕਿਹਾ ਸੀ ਕਿ ਉਹ ਮੁੱਖ ਮੰਤਰੀ ਨੂੰ ਪੈਨਸ਼ਨ ਲਈ ਕਹਿਣਗੇ ਪਰ ਮੰਗਾਂ ਨਾ ਮੰਨੀਆਂ ਜਾਣ ਕਾਰਨ ਉਨ੍ਹਾਂ ਵਿੱਚ ਰੋਸ ਹੈ। ਜ਼ਿਲ੍ਹਾ ਕਮੇਟੀ ਮੈਂਬਰ ਕੁਲਵਿੰਦਰ ਕਟਾਰੀਆ, ਡੀਟੀਐੱਫ ਦੇ ਜ਼ਿਲ੍ਹਾ ਪ੍ਰਧਾਨ ਰੇਸ਼ਮ ਸਿੰਘ, ਡੀਐੱਮਐੱਫ ਆਗੂ ਸਿਕੰਦਰ ਧਾਲੀਵਾਲ, ਹਰਜੀਤ ਸਿੰਘ ਬਾਦਲ ਅਤੇ ਨਰਿੰਦਰ ਸਿੰਘ ਨੇ ਕਿਹਾ ਕਿ ਵਿੱਤ ਮੰਤਰੀ ਨੇ ਪੇਅ ਕਮਿਸ਼ਨ ਦੀ ਲੰਗੜੀ ਰਿਪੋਰਟ ਲਾਗੂ ਕਰ ਕੇ ਮੁਲਾਜ਼ਮਾਂ ਨਾਲ ਵਾਅਦਾਖ਼ਿਲਾਫ਼ੀ ਕੀਤੀ ਹੈ। ਇਸ ਵਿਰੁੱਧ 29 ਅਗਸਤ ਨੂੰ ਲੁਧਿਆਣਾ 'ਚ ਸੂਬਾ ਪੱਧਰੀ ਰੈਲੀ ਕਰ ਕੇ ਸੰਘਰਸ਼ ਤਿੱਖਾ ਕੀਤਾ ਜਾਵੇਗਾ।

ਇਸੇ ਤਰ੍ਹਾਂ ਪੁਰਾਣੀ ਪੈਨਸ਼ਨ ਬਹਾਲੀ ਲਈ ਐੱਨਪੀਐੱਸ ਅਧਿਆਪਕਾਂ-ਮੁਲਜ਼ਮਾਂ ਨੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਦੇ ਘਰ ਤੱਕ ਰੋਸ ਮੁਜ਼ਾਹਰਾ ਕੀਤਾ। ਇਸ ਮੌਕੇ ਜ਼ਿਲ੍ਹੇ ਦੇ ਤਿੰਨ ਬਲਾਕਾਂ ਲੰਬੀ, ਮਲੋਟ ਅਤੇ ਗਿੱਦੜਬਾਹਾ-1 ਦੇ ਅਧਿਆਪਕ ਸ਼ਾਮਲ ਹੋਏ। ਪ੍ਰਦਰਸ਼ਨ ਦੇ ਮੱਦੇਨਜ਼ਰ ਪੁਲੀਸ ਨੇ ਸਖ਼ਤ ਸੁਰੱਖਿਆ ਪ੍ਰਬੰਧ ਕੀਤੇ ਹੋਏ ਸਨ।

## CHANGE OF NAME

I, **HARDEEP** S/O Mr Surinder Pal whose permanent address in India is VPO Dayal Pur, Tehsil Phillaur, Jalandhar, Pin: 144419. Punjab, India and is now living at 81 Marsh Lane, Wolverhampton, WV10 6SA hereby give notice of my intention to change my name to **HARDEEP SINGH SHINHMAR** subject to the approval of The High Commission of India, London.

I, **SUKHNANADAN KUMAR** S/O Mr Dharamjit Singh whose permanent address in India is House No. B-81/3 Shahi Mohalla, Street No.5 Near Honda Hospital Civil Lines Ludhiana, Pin:141001 Punjab, India and is now living at 21 Thorne Street, Wolverhampton, WV2 2N Dhereby give notice of my intention to change my name to **NITISH KATNORIYA** subject to the approval of The High Commission of India, London.

I, **GURDIP KAUR KHOURED** W/O MR. AJAIB SINGH HAYER whose permanent address in India is V.P.O Katt, Tehsil Nawanshahar, District SBS Nagar, Punjab, India and is now living at 9 Lowlands Avenue, Wolverhampton, WV6 9PA hereby gives notice of my intention to change my name to **GURDIP KAUR HAYER** subject to the approval of The High Commission of India, London.


# ਆਸ਼ੂ ਬੰਗੜ ਵੱਲੋਂ ਅਜ਼ਾਦੀ ਦਿਵਸ ਦੀਆਂ ਵਧਾਈਆਂ



**ਫਿਰੋਜ਼ਪੁਰ ( ਅਸ਼ੋਕ ਭਾਰਦਵਾਜ )** ਫ਼ਿਰੋਜ਼ਪੁਰ ਦਿਹਾਤੀ ਦੇ ਸੀਨੀਅਰ ਆਗੂ ਅਮਰਦੀਪ ਸਿੰਘ ਆਸ਼ੂ ਬੰਗੜ ਨੇ ਅਜ਼ਾਦੀ ਦਿਵਸ ਤੇ ਸਮੁੱਚੇ ਫਿਰੋਜ਼ਪੁਰ ਦਿਹਾਤੀ ਵਾਸੀਆਂ ਤੇ ਦੇਸ਼ ਵਿਦੇਸ਼ ਵਿੱਚ ਬੈਠੇ ਸਾਰੇ ਭੈਣ ਭਰਾਵਾਂ ਨੂੰ ਮੁਬਾਰਕਬਾਦ ਦਿੱਤੀ। ਇਸ ਮੋਕੇ ਤੇ ਉਹਨਾਂ ਨੇ ਆਪਣੇ ਸੰਦੇਸ਼ ਵਿੱਚ ਕਿਹਾ ਹੈ ਕੇ ਅਸਲੀ ਅਜ਼ਾਦੀ ਦਾ ਨਿੱਘ ਆਪਾਂ ਤਾਂ ਹੀ ਮਾਣ ਸਕਦੇ ਹਾਂ ਜੇਕਰ ਆਪਾਂ ਉਹਨਾਂ ਸ਼ਹੀਦਾ ਦੇ ਦੱਸੇ ਰਸਤਿਆ ਤੇ ਚਲੀਏ।

# ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਵੱਲੋਂ 13 ਲੋਕ ਸਭਾ ਹਲਕਿਆਂ ਵਿੱਚ ਯੂਥ ਕੋਆਰਡੀਨੇਟਰ ਨਿਯੁਕਤ ਕੀਤੇ ਗਏ

**ਫਿਰੋਜਪੁਰ (ਅਸ਼ੋਕ ਭਾਰਦਵਾਜ)** ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਵੱਲੋਂ ਨੌਜਵਾਨਾਂ ਨੂੰ ਨਾਲ ਲੈ ਕੇ ਚੱਲਣ ਅਤੇ ਪਾਰਟੀ ਵਿੱਚ ਨੌਜਵਾਨਾਂ ਦੀ ਭਾਗੀਦਾਰੀ ਵਧਾ ਕੇ ਉਨ੍ਹਾਂ ਨੂੰ ਵੱਡੀਆਂ ਜ਼ਿੰਮੇਵਾਰੀਆਂ ਸੌਂਪੇ ਜਾਣ ਦੇ ਕੀਤੇ ਗਏ ਵਾਅਦੇ ਮੁਤਾ- ਬਕ ਅੱਜ ਪਾਰਟੀ ਦੇ ਸਰਪ੍ਰਸਤ ਜਥੇਦਾਰ ਸ:ਰਣਜੀਤ ਸਿੰਘ ਬ੍ਰਹਮਪੁਰਾ, ਪ੍ਰਧਾਨ ਸ: ਸੁਖਦੇਵ ਸਿੰਘ ਢੀਂਡਸਾ ਅਤੇ ਸੀਨੀਅਰ ਆਗੂ ਸ:ਪਰਮਿੰਦਰ ਸਿੰਘ ਢੀਂਡਸਾ ਦੇ ਆਪਸੀ ਸਲਾਹ- ਮਸ਼ਵਰੇ ਤੋਂ ਬਾਅਦ ਪੰਜਾਬ ਦੇ 13 ਲੋਕ ਸਭਾ ਹਲਕਿਆਂ ਵਿੱਚ ਯੂਥ ਕੋਆਰਡੀਨੇਟਰਾਂ ਦੀ ਨਿਯੁਕਤੀ ਦਾ ਐਲਾਨ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਯੂਥ ਵਿੰਗ ਦੇ ਕਨਵੀਨਰ ਸ: ਮਨਪ੍ਰੀਤ ਸਿੰਘ ਤਲਵੰਡੀ ਨੇ ਦੱਸਿਆ ਕਿ ਨੌਜਵਾਨਾਂ ਨੂੰ ਪਾਰਟੀ ਵਿੱਚ ਵੱਡੀਆਂ ਜ਼ਿੰਮੇਵਾਰੀਆਂ ਸੌਂਪਦਿਆਂ ਸੂਬੇ ਦੇ ਲੋਕ ਸਭਾ ਹਲਕਿਆਂ ਵਿੱਚ 13 ਕੋਆਰਡੀਨੇਟਰਾਂ ਦੀ ਨਿਯੁਕਤੀ ਕੀਤੀ ਗਈ ਹੈ। ਨਿਯੁਕਤ ਕੀਤੇ ਗਏ ਕੋਆਰਡੀਨੇਟਰਾਂ ਵਿੱਚ ਲੋਕ ਸਭਾ ਹਲਕਾ ਅੰਮ੍ਰਿਤਸਰ ਸਾਹਿਬ ਤੋਂ ਜਤਿੰਦਰ ਸਿੰਘ ਗਿੱਲ, ਸ਼੍ਰੀ ਅਨੰਦਪੁਰ ਸਾਹਿਬ ਤੋਂ ਮਹੀਪਾਲ ਸਿੰਘ ਭੁੱਲਣ, ਬਠਿੰਡਾ ਤੋਂ ਦਰਸ਼ਨ ਸਿੰਘ ਲਾਲੀ ਢਿੱਲੋਂ, ਫ਼ਰੀਦਕੋਟ ਤੋਂ ਰਮਨਦੀਪ ਸਿੰਘ ਗਿੱਲ ਜਗਰਾਉਂ, ਸ਼੍ਰੀ ਫ਼ਤਿਹਗੜ੍ਹ ਸਾਹਿਬ ਤੋਂ ਹਰਪ੍ਰੀਤ ਸਿੰਘ ਢੀਂਡਸਾ, ਫਿਰੋਜ਼ਪੁਰ ਤੋਂ ਸੁਖਮਨਦੀਪ ਸਿੰਘ ਡਿੰਪੀ ਦਾਤੇਵਾਸ, ਗੁਰਦਾਸਪੁਰ ਤੋਂ ਐਡਵੋਕੇਟ ਗਗਨਦੀਪ ਸਿੰਘ ਬਾਦਲਗੜ੍ਹ, ਹੁਸ਼ਿਆਰਪੁਰ ਤੋਂ ਸੁਖਜਿੰਦਰ ਸਿੰਘ ਚੋਹਾਨ , ਜਲੰਧਰ ਤੋਂ ਸੁਖਵਿੰਦਰ ਸਿੰਘ ਮੂਨਕ, ਖਡੂਰ ਸਾਹਿਬ ਤੋਂ ਗੁਰਪ੍ਰਤਾਪ ਸਿੰਘ ਪੰਨੂ, ਲੁਧਿਆਣਾ ਤੋਂ ਰੂਬਲ ਗਿੱਲ ਮਹਿਲ ਖ਼ੁਰਦ, ਪਟਿਆਲਾ ਤੋਂ ਐਡਵੋਕੇਟ ਗਗਨਦੀਪ ਸਿੰਘ ਸੁਨਾਮ ਅਤੇ ਸੰਗਰੂਰ ਤੋਂ ਮਨਿੰਦਰਪਾਲ ਸਿੰਘ ਸ਼ਾਮਿਲ ਹਨ। ਇਸ ਮੌਕੇ ਮਨਪ੍ਰੀਤ ਸਿੰਘ ਤਲਵੰਡੀ ਨੇ ਦੱਸਿਆ ਕਿ ਥਾਪੇ ਗਏ ਸਾਰੇ ਕੋਆਰਡੀਨੇਟਰ ਹੋਰਨਾਂ ਲੋਕ ਸਭਾ ਹਲਕਿਆਂ ਤੋਂ ਲਗਾਏ ਗਏ ਹਨ ਜੋ ਹਲਕੇ ਦੇ ਜ਼ਿਲ੍ਹਾ , ਸਰਕਲ ਅਤੇ ਬੂਥ ਪੱਧਰ ਤੱਕ ਦੇ ਯੂਥ ਅਹੁਦੇਦਾਰਾਂ ਨਾਲ ਤਾਲਮੇਲ ਕਰਕੇ ਪਾਰਟੀ ਦੀ ਮਜਬੂਤੀ ਲਈ ਕੰਮ ਕਰਨਗੇ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਆਪਣੀ ਨੀਤੀ ਮੁਤਾਬਕ ਨੌਜਵਾਨਾਂ ਨੂੰ ਵੱਧ ਤੋਂ ਵੱਧ ਜ਼ਿੰਮੇਵਾਰੀਆਂ ਸੌਂਪਣ ਲਈ ਵਚਨਬੱਧ ਹੈ ਅਤੇ ਪਾਰਟੀ ਦੀ ਇਹ ਵਿਚਾਰਧਾਰਾ ਹੈ ਕਿ ਸੂਬੇ ਦੀ ਨੀਤੀ- ਨਿਰਮਾਣ ਦੀ ਪ੍ਰਕਿਰਿਆ ਵਿੱਚ ਨੌਜਵਾਨ ਵਰਗ ਦੀ ਭਾਗੀਦਾਰੀ ਹੋਣੀ ਬਹੁਤ ਲਾਜ਼ਮੀ ਹੈ। ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਕੇਵਲ ਸਿਆਸੀ ਰੈਲੀਆਂ ਵਿੱਚ ਨਾਅਰੇ ਲਗਾਉਣ ਲਈ ਹੀ ਨਹੀ ਵਰਤਿਆ ਜਾਣਾ ਚਾਹੀਦਾ ਸਗੋਂ ਸੂਬੇ ਦੇ ਹਰੇਕ ਅਹਿਮ ਫੈਸਲੇ ਲੈਣ ਦੀ ਪ੍ਰਕਿਰਿਆ ਵਿੱਚ ਨੌਜਵਾਨਾਂ ਦੀ ਭਾਗੀਦਾਰੀ ਵਧਾਈ ਜਾਣੀ ਚਾਹੀਦੀ ਹੈ।






ਸਿਹਤ ਮੁਲਾਜ਼ਮ ਤਾਲਮੇਲ ਕਮੇਟੀ ਵਲੋਂ ਆਪਣੀਆਂ ਮੰਗਾਂ ਨੂੰ ਲੈ ਕੇ ਜਲੰਧਰ ਵਿੱਚ ਰੋਸ਼ ਰੈਲੀ ਕੱਢੀ ਉਸ ਰੈਲੀ ਵਿੱਚ ਭਾਗ ਲੈਣ ਲਈ ਜਾਂਦੇ ਬਲਾਕ ਕਰਤਾਰਪੁਰ ਦੇ ਸਿਹਤ ਕਾਮੇ ਸ਼ਰਨਜੀਤ ਬਾਵਾ, ਪ੍ਰਕਾਸ਼ ਗਿੱਲ, ਹਰਪ੍ਰੀਤ ਸਿੰਘ, ਦਰਸ਼ਨ ਸਿੰਘ, ਅਮਿਤ, ਰੋਬਟ ਤੇ ਹੋਰ।
**ਫੋਟੋ ਤੇ ਵੇਰਵਾ ( ਜਸਵੰਤ ਵਰਮਾ,ਦਿਨੇਸ਼ ਕੁਮਾਰ ਕਰਤਾਰਪੁਰ )**

# ਮੁਲਾਜ਼ਿਮਾ ਦੀਆਂ ਮੰਗਾਂ ਨੂੰ ਲੈ ਕੀਤੀ ਗਈ ਮੀਟਿੰਗ



**ਫਿਰੋਜਪੁਰ (ਅਸ਼ੋਕ ਭਾਰਦਵਾਜ)** ਸਿਵਲ ਹਾਸਪਿਟਲ ਫ਼ਿਰੋਜ਼ਪੁਰ ਵਿਖੇ ਇਕ ਮੀਟਿੰਗ ਕੀਤੀ ਗਈ ! ਜਿਸ ਵਿੱਚ ਪ੍ਰਧਾਨ ਸੁਧੀਰ ਅਗਲਜ਼ੈਂਡਰ ਨੇ ਦੱਸਿਆ ਕਿਹ ਠੇਕੇ ਤੇ ਕੰਮ ਕਰਦੇ ਵੱਖ ਵੱਖ ਵਿਭਾਗਾਂ ਦੇ ਮੁਲਾਜ਼ਮਾਂ ਨੂੰ ਪੱਕਾ ਕੀਤਾ ਜਾਵੇ ! ਕਲਾਸ ਫੋਰ ਦੀ ਰੈਗੂਲਰ ਭਰਤੀ ਕੀਤੀ ਜਾਵੇ ਪੜ੍ਹੇ ਲਿਖੇ ਕਲਾਸ ਫੋਰ ਨੂੰ ਬਿਨਾਂ ਸ਼ਰਤ ਕਲੈਰੀਕਲ ਤੇ ਅਡਜਸਟ ਕੀਤਾ ਜਾਵੇ ਤੇ ਸਟਾਫ ਨਰਸ ਨੂੰ ਨਰਸਿੰਗ ਅਫਸਰ ਦਾ ਅਹੁਦਾ ਦਿੱਤਾ ਜਾਵੇ ! ਮਲਟੀਪਰਪਜ਼ ਹੈਲਥ ਵਰਕਰ ਅਤੇ ਕਲਾਸ ਫੋਰ ਸਾਰੀਆਂ ਕੈਟਾਗਰੀਆਂ ਦਾ ਪਰਖ ਅਧੀਨ ਸਮਾਂ ਦੋ ਸਾਲ ਕੀਤਾ ਜਾਵੇ ਅਤੇ ਪਰਖ ਅਧੀਨ ਸਮੇਂ ਦੀ ਪੂਰੀ ਤਨਖਾਹ ਦਿੱਤੀ ਜਾਵੇ ! ਉਨ੍ਹਾਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਪੇ ਕਮਿਸ਼ਨ ਦੀ ਰਿਪੋਰਟ ਨੂੰ ਜਲਦੀ ਤੋਂ ਜਲਦੀ ਸੋਧ ਕੇ ਲਾਗੂ ਕੀਤਾ ਜਾਵੇ ! ਇਸ ਮੌਕੇ ਨਰਿੰਦਰ ਸ਼ਰਮਾ ਪੈਰਾਮੈਡੀਕਲ ਆਗੂ, ਰੌਬਿਨ ਜਨਰਲ ਸੈਕਟਰੀ ਨਰਸਿੰਗ ਆਗੂ ਸੁਮਿਤ ਕਲਾਸ ਫੋਰ, ਜਥੇਬੰਦੀ ਦੇ ਪ੍ਰਧਾਨ ਰਾਮ ਪ੍ਰਸਾਦ, ਗੁਰਮੇਲ,ਮਲਕੀਤ ਪ੍ਰਭਜੋਤ, ਡੇਲਫੀਨਾ ਆਦਿ ਹਾਜ਼ਿਰ ਰਹੇ !

# ਪੰਜਾਬ ਅਤੇ ਯੂਟੀ ਮੁਲਾਜ਼ਮ /ਪੈਨਸ਼ਨਰ ਸੰਘਰਸ਼ ਸਾਂਝਾ ਫਰੰਟ ਵੱਲੋਂ ਮੋਹਾਲੀ ਵਿਖੇ ਤਹਿਸੀਲ ਪੱਧਰੀ ਰੈਲੀ



**ਐਸ ਏ ਐਸ ਨਗਰ (ਅੰਮ੍ਰਿਤਪਾਲ ਸਿੰਘ ਸਫ਼ਰੀ)** ਪੰਜਾਬ ਯੂਟੀ ਮੁਲਾਜ਼ਮ /ਪੈਨਸ਼ਨਰ ਸੰਘਰਸ਼ ਸਾਂਝਾ ਫਰੰਟ ਪੰਜਾਬ ਦੇ ਸੱਦੇ ਤੇ ਐਸ ਏ ਐਸ ਨਗਰ ਮੋਹਾਲੀ ਦੇ ਡੀਸੀ ਦਫਤਰ ਮੂਹਰੇ ਮੁਲਾਜ਼ਮ/ਪੈਨਸ਼ਨਰ ਤੇ ਵਰਕਰਾਂ ਵੱਲੋਂ ਧਰਨਾ ਮੁਜ਼ਾਹਰਾ ਕੀਤਾ ਗਿਆ।ਇਸ ਧਰਨੇ ਨੂੰ ਸੰਬੋਧਨ ਕਰਦੇ ਹੋਏ ਕਰਮ ਸਿੰਘ ਧਨੋਆ,ਹਰਜੀਤ ਸਿੰਘ ਬਸੋਤਾ,ਜਗਦੀਪ ਸਿੰਘ ਸਰਾਓ, ਸੁਰਜੀਤ ਸਿੰਘ,ਐਨ ਡੀ ਤਿਵਾੜੀ, ਡਾ ਹਜ਼ਾਰਾਂ ਸਿੰਘ ਚੀਮਾ, ਵਿਜੈ ਕੁਮਾਰ ਲਹੌਰੀਆ, ਜਸਵਿੰਦਰ ਸਿੰਘ ਵਿਜੈ ਕੁਮਾਰ ਨੇ ਪੰਜਾਬ ਸਰਕਾਰ ਨੂੰ ਰੰਗੇ ਹੱਥ ਲੈਂਦਿਆਂ ਕਿਹਾ ਕਿ ਸਰਕਾਰ ਆਪਣੇ ਵੱਲੋਂ ਮੁਲਾਜ਼ਮਾਂ ਨਾਲ ਕੀਤੇ ਵਾਅਦੇ ਤੋਂ ਮੁਕਰ ਰਹੀ ਹੈ। ਸਰਕਾਰ ਵੱਲੋਂ ਮੰਤਰੀਆਂ ਦੀ ਬਣਾਈ ਸਬ ਕਮੇਟੀ ਵੱਲੋਂ ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰਨ ਦੀ ਗੱਲ ਹੀ ਨਾ ਕਰਨੀ ਸਰਕਾਰ ਦਾ ਮੁਲਾਜ਼ਮਾਂ ਵਿਰੋਧੀ ਚਿਹਰਾ ਪੇਸ਼ ਕਰਦੀ ਹੈ,ਕੱਚੇ ਮੁਲਾਜ਼ਮ ਜੋ 15-18 ਸਾਲ ਤੋਂ ਨਿਗੂਣੀ ਜਹੀਆ ਤਨਖਾਹਾ ਤੇ ਕੰਮ ਕਰਦੇ ਹਨ ਉਹਨਾਂ ਦੀ ਸਰਕਾਰ ਵੱਲੋਂ ਕੋਈ ਗੱਲ ਨਾ ਕਰਨੀ,ਪੁਰਾਣੀ ਪੈਨਸ਼ਨ ਸੰਬੰਧੀ ਚੁਪੀ,ਛੇਵੇਂ ਪੇਅ ਕਮਿਸ਼ਨ ਨੂੰ ਬਿਨਾ ਮੁਲਾਜ਼ਮਾਂ ਦੀ ਸਹਿਮਤੀ ਤੇ ਥੋਪਣਾ ਮੁਲਾਜਮ ਬਰਦਾਸ਼ਤ ਨਹੀਂ ਕਰਨਗੇ।ਮੁਲਾਜ਼ਮ ਆਗੂਆ ਨੇ ਕਿਹਾ ਕਿ ਕੇਂਦਰ ਸਰਕਾਰ ਤੇ ਹਰਿਆਣਾ ਸਰਕਾਰ ਮੁਲਾਜ਼ਮਾਂ ਨੂੰ 28% ਡੀਏ ਜਾਰੀ ਕਰ ਚੁੱਕੀ ਹੈ ਪਰ ਪੰਜਾਬ ਸਰਕਾਰ ਮੁਲਾਜ਼ਮਾਂ ਦਾ ਪੇਅ ਕਮਿਸ਼ਨ ਤਾਂ ਕਿ ਡੀਏ ਤੱਕ ਮਾਰ ਚੁੱਕੀ ਹੈ ਜਿਸਦਾ ਪੰਜਾਬ ਸਰਕਾਰ ਨੂੰ ਖਾਮਿਆਜਾ ਭੁਗਤਣਾ ਪਵੇਗਾ। ਮੁਲਾਜ਼ਮ ਸ਼ਕਤੀ ਪੰਜਾਬ ਅਤੇ ਯੂਟੀ ਮੁਲਾਜ਼ਮ/ਪੈਨਸ਼ਨਰ ਸੰਘਰਸ਼ ਸਾਂਝੇ ਫਰੰਟ ਪੰਜਾਬ ਦੀ ਅਗਵਾਈ ਵਿੱਚ ਇਕ ਬੈਨਰ ਥੱਲੇ ਇਕੱਠੀ ਹੋ ਚੁੱਕੀ ਹੈ ਤੇ ਪੰਜਾਬ ਦੇ ਸਮੂਹ ਜਿਲਿਆ ਵਿੱਚ ਸਰਕਾਰ ਦੇ ਮੁਲਾਜ਼ਮ/ਮਜ਼ਦੂਰ ਵਿਰੋਧੀ ਫ਼ੈਸਲਿਆਂ ਦਾ ਜਵਾਬ 20 ਅਗੱਸਤ ਨੂੰ ਡੱਟ ਕੇ ਦਿੱਤਾ ਜਾਵੇਗਾ। ਇਸ ਮੌਕੇ ਸਵਰਨ ਸਿੰਘ,ਕਰਮਾਪੁਰੀ, ਪ੍ਰਥਾ ਸਿੰਘ, ਕੁਲਦੀਪ ਸਿੰਘ, ਮੰਗਾਂ ਸਿੰਘ, ਸਵਿੰਦਰ ਸਿੰਘ, ਪ੍ਰੇਮ ਸਿੰਘ, ਅਮਰੀਕ ਸਿੰਘ, ਸੁਖਵਿੰਦਰ ਸਿੰਘ ਗਿੱਲ, ਰਣਜੀਤ ਸਿੰਘ ਰਬਾਬੀ, ਅਮਰਜੀਤ ਸਿੰਘ, ਹਰਕੇਸ ਸਿੰਘ, ਹਿੰਮਤ ਸਿੰਘ ਨੇ ਆਪਣੇ ਵਿਚਾਰ ਪੇਸ਼ ਕੀਤੇ।

# ਸੱਭਿਆਚਾਰ ਨੂੰ ਜਿਉਂਦਾ ਰੱਖਣ ਲਈ ਚਨਾਬ ਗਰੁੱਪ ਦੇ ਵਿਹੜੇ ’ਚ ਮਨਾਇਆ ਤੀਆਂ ਦਾ ਤਿਉਹਾਰ

## ਭੈਣਾ ਆਪਣੇ ਭਰਾਵਾਂ ਤੋਂ ਨਸ਼ਾ ਨਾ ਕਰਨ ਦਾ ਕਰਾਉਣ ਪ੍ਰਣ : ਬਲਜੀਤ ਸਿੰਘ ਖੀਵਾ







**ਕੋਟਕਪੂਰਾ।** ਸਥਾਨਕ ਕਿਲਾ ਰੋਡ ’ਤੇ ਸਥਿੱਤ ਚਨਾਬ ਗਰੁੱਪ ਆਫ ਐਜੂਕੇਸ਼ਨ ਦੇ ਵਿਹੜੇ ਵਿੱਚ ਸਾਉਣ ਮਹੀਨੇ ਦਾ ਤਿਉਹਾਰ ਤੀਆਂ ਬੜੇ ਧੂਮਧਾਮ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਜਿਸ ਵਿੱਚ ਮੈਡਮ ਨਿਧੀ ਬਾਂਸਲ ਪ੍ਰਿੰਸੀਪਲ ਸਦਾ ਰਾਮ ਬਾਂਸਲ ਮੈਮੋਰੀਅਲ ਪਬਲਿਕ ਸਕੂਲ ਕੋਟਕਪੂਰਾ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਸਮੇਂ ਵਿਦਿਆਰਥੀਆਂ ਅਤੇ ਉਨਾਂ ਦੇ ਮਾਪਿਆਂ ਨੇ ਪ੍ਰੋਗਰਾਮ ’ਚ ਉਤਸ਼ਾਹ ਨਾਲ ਹਿੱਸਾ ਲਿਆ ਤੇ ਤੀਜ ਉਤਸਵ ਸਮਾਰੋਹ ਦਾ ਖੂਬ ਆਨੰਦ ਮਾਣਿਆ। ਇਸ ਸਮੇਂ ਮੈਡਮ ਨਿਧੀ ਬਾਂਸਲ ਨੇ ਕਿਹਾ ਕਿ ਤੀਆਂ ਦੇ ਤਿਉਹਾਰ ਲਈ ਸਹੁਰੇ ਘਰ ਰਹਿੰਦੀਆਂ ਧੀਆਂ ਹਮੇਸ਼ਾਂ ਪੇਕੇ ਘਰ ਆਉਣ ਲਈ ਉਤਾਵਲੀਆਂ ਹੁੰਦੀਆਂ ਹਨ ਤੇ ਪੇਕੇ ਆ ਕੇ ਉਹ ਤੀਆਂ ਦੀ ਰੌਣਕ ਨੂੰ ਦੁੱਗਣਾ ਕਰ ਦਿੰਦੀਆਂ ਹਨ। ਆਪਣੇ ਸੰਬੋਧਨ ਦੌਰਾਨ ਚਨਾਬ ਗਰੁੱਪ ਆਫ ਐਜੂਕੇਸ਼ਨ ਦੇ ਮੁੱਖ ਸੰਚਾਲਕ ਤੇ ਉੱਘੇ ਸਮਾਜਸੇਵੀ ਬਲਜੀਤ ਸਿੰਘ ਖੀਵਾ ਨੇ ਸਾਰਿਆਂ ਨੂੰ ਜੀ ਆਇਆਂ ਆਖਦਿਆਂ ਵਿਦਿਆਰਥੀਆਂ ਨੂੰ ਪ੍ਰਣ ਕਰਵਾਇਆ ਕਿ ਉਹ ਰੱਖੜੀ ਦੇ ਪਵਿੱਤਰ ਤਿਉਹਾਰ ਮੌਕੇ ਕਿਸੇ ਵੀ ਤਰਾਂ ਦਾ ਨਸ਼ਾ ਨਾ ਕਰਨ। ਸਟੇਜ ਸੰਚਾਲਨ ਦੀ ਭੂਮਿਕਾ ਮੈਡਮ ਹਰਪ੍ਰੀਤ ਕੌਰ ਨੇ ਬਾਖੂਬੀ ਨਿਭਾਈ। ਇਸ ਸਮੇਂ ਹਾਜਰ ਬੀਬੀਆਂ ਨੇ ਆਖਿਆ ਕਿ ਸਾਨੂੰ ਇਹ ਤਿਉਹਾਰ ਹਮੇਸ਼ਾਂ ਰਲ-ਮਿਲ ਕੇ ਮਨਾਉਣਾ ਚਾਹੀਦਾ ਹੈ ਤਾਂ ਜੋ ਪੰਜਾਬੀ ਸੱਭਿਆਚਾਰਕ ਜਿਉਂਦਾ ਰੱਖਿਆ ਜਾ ਸਕੇ। ਇਸ ਸਮੇਂ ਖੂਬਸੂਰਤ ਪਹਿਰਾਵੇ ’ਚ ਸਜੀਆਂ ਮੁਟਿਆਰਾਂ ਨੇ ਗਿੱਧਾ, ਭੰਗੜਾ, ਬੋਲੀਆਂ, ਚੁਟਕਲੇ, ਕੋਰੀਓਗ੍ਰਾਫੀ, ਸ਼ੇਅਰ-ਸ਼ਾਇਰੀ, ਡਾਂਸ, ਗੀਤ ਆਦਿ ਸੱਭਿਆਚਾਰਕ ਵੰਨਗੀਆਂ ਪੇਸ਼ ਕਰਕੇ ਖੂਬ ਮਨੋਰੰਜਨ ਕੀਤਾ। ਬੱਚਿਆਂ ਨੇ ਵੱਖ-ਵੱਖ ਡਰੈੱਸਾਂ ਪਾ ਕੇ ਸ਼ਾਨਦਾਰ ਪ੍ਰਦਰਸ਼ਨ ਕੀਤਾ। ਅੰਤ ਵਿੱਚ ਸਵਾਲ-ਜਵਾਬ ਵੀ ਪੁੱਛੇ ਗਏ ਤੇ ਸਹੀ ਜਵਾਬ ਦੇਣ ਵਾਲਿਆਂ ਨੂੰ ਇਨਾਮ ਦੇ ਕੇ ਸਨਮਾਨਿਤ ਵੀ ਕੀਤਾ ਗਿਆ। ਇਸ ਮੌਕੇ ਉਪਰੋਕਤ ਤੋਂ ਇਲਾਵਾ ਬਾਬਾ ਕੱਕੜ, ਅੰਕੁਸ਼ ਬਜਾਜ, ਰਮਨ ਸਿੰਘ ਔਲਖ, ਅਰਸ਼ਦੀਪ ਸਿੰਘ, ਮਨਪ੍ਰੀਤ ਕੌਰ, ਜੈਸਮੀਨ ਕੌਰ, ਨਵਜੋਤ ਕੌਰ, ਮੈਡਮ ਸੀਮਾ ਗਿੱਲ, ਸੁਮਨ ਰਾਣੀ ਅਤੇ ਬੱਚਿਆਂ ਦੇ ਮਾਪੇ ਵੀ ਵਿਸ਼ੇਸ਼ ਤੌਰ ’ਤੇ ਹਾਜਰ ਸਨ।

# ਚੰਡੀਗੜ ਵਿੱਚ ਰਿਹਾਇਸੀ ਜਾਂ ਵਪਾਰਕ ਪ੍ਰਾਪਰਟੀ ਖਰੀਦਣ ਦਾ ਮੌਕਾ




**ਚੰਡੀਗੜ (ਦੀਪਕ ਸਰਮਾ)** ਚੰਡੀਗੜ ਵਿੱਚ ਰਿਹਾਇਸੀ ਜਾਂ ਵਪਾਰਕ ਪ੍ਰਾਪਰਟੀ ਖਰੀਦਣ ਦੇ ਚਾਹਵਾਨਾਂ ਲਈ ਖੁਸਖਬਰੀ ਹੈ । ਚੰਡੀਗੜ ਹਾਊਸਿੰਗ ਬੋਰਡ (ਸੀ.ਐਚ.ਬੀ) ਇੱਕ ਵਾਰ ਫਿਰ ਆਪਣੀਆਂ 216 ਪ੍ਰੋਪੇਟੀ ਵੇਚਣ ਲਈ ਆਨਲਾਈਨ ਟੈਂਡਰ ਜਾਰੀ ਕਰ ਰਿਹਾ ਹੈ । ਲੋਕ 20 ਅਗਸਤ ਨੂੰ ਸਵੇਰੇ 10 ਵਜੇ ਤੋਂ ਇਨਾਂ ਪਰੋਪਰਟੀਆਂ ਨੂੰ ਖਰੀਦਣ ਲਈ ਬੋਲੀ ਲਗਾ ਸਕਣਗੇ । 1 ਸਤੰਬਰ ਨੂੰ ਸਵੇਰੇ 10 ਵਜੇ ਬੋਲੀ ਲਗਾਉਣ ਦਾ ਆਖਰੀ ਦਿਨ ਹੋਵੇਗਾ । ਇਸ ਤੋਂ ਬਾਅਦ ਬੋਲੀ ਰਾਤ 10.15 ਵਜੇ ਖੋਲੀ ਜਾਵੇਗੀ । ਇਨਾਂ ਪਰੋਪਰਟੀਆਂ ਦੀ ਕੀਮਤ ਅਗਲੇ ਹਫਤੇ ਬੋਰਡ ਆਪਣੀ ਵੈਬਸਾਈਟ ‘ਤੇ ਅਪਲੋਡ ਕਰ ਦੇਵੇਗਾ । ਇਸ ਵਾਰ ਸੀ.ਐਚ.ਬੀ 34 ਫ੍ਰੀਹੋਲਡ ਅਤੇ 33 ਲੀਜਹੋਲਡ ਰਿਹਾਇਸੀ ਪ੍ਰਾਪਰਟੀ ਦੀ ਵਿਕਰੀ ਕਰੇਗਾ । ਪਿਛਲੇ ਚਾਰ ਵਾਰ ਦੀ ਤਰਾਂ, ਇਸ ਵਾਰ ਵੀ ਬੋਰਡ ਦੁਆਰਾ ਇਨਾਂ ਸੰਪਤੀਆਂ ਲਈ ਟੈਂਡਰ ਕੀਤੇ ਜਾਣਗੇ । 149 ਲੀਜਹੋਲਡ ਵਪਾਰਕ ਸੰਪਤੀਆਂ ਨੂੰ ਵੀ ਟੈਂਡਰ ਵਿੱਚ ਰੱਖਿਆ ਜਾਵੇਗਾ । ਹਾਲਾਂਕਿ, ਨਿਵਾਸੀ ਲੀਜਹੋਲਡ ਸੰਪਤੀਆਂ ਵਿੱਚ ਦਿਲਚਸਪੀ ਨਹੀਂ ਦਿਖਾ ਰਹੇ ਹਨ । ਚੌਥੀ ਵਿਕਰੀ ਵਿੱਚ ਵੀ, ਬੋਰਡ ਲੀਜਹੋਲਡ ਸੰਪਤੀਆਂ ਲਈ ਖਰੀਦਦਾਰ ਨਹੀਂ ਲੱਭ ਸਕਿਆ । ਬੋਰਡ ਨੇ ਸਹਿਰ ਦੇ ਵੱਖ -ਵੱਖ ਹਿੱਸਿਆਂ ਵਿੱਚ 151 ਵਪਾਰਕ ਸੰਪਤੀਆਂ ਦੀ ਵਿਕਰੀ ਲਈ ਟੈਂਡਰ ਜਾਰੀ ਕੀਤੇ ਸਨ, ਪਰ ਇਨਾਂ ਵਿੱਚੋਂ ਸਿਰਫ ਤਿੰਨ ਦੁਕਾਨਾਂ ਹੀ ਵਿਕੀਆਂ ਸਨ । ਤਿੰਨੋਂ ਦੁਕਾਨਾਂ ਮਨੀਮਾਜਰਾ ਵਿੱਚ ਹਨ, ਜਿਨਾਂ ਦੀ ਰਾਖਵੀਂ ਕੀਮਤ 51.39 ਲੱਖ ਰੁਪਏ ਸੀ ਅਤੇ ਇਹ ਦੁਕਾਨਾਂ 52 ਤੋਂ ਸਾਢੇ 52 ਲੱਖ ਰੁਪਏ ਦੇ ਵਿੱਚ ਵੇਚੀਆਂ ਗਈਆਂ ਹਨ । ਘੱਟ ਲੋਕ ਲੀਜਹੋਲਡ ਰਿਹਾਇਸੀ ਸੰਪਤੀਆਂ ਲਈ ਵੀ ਦਿਲਚਸਪੀ ਦਿਖਾ ਰਹੇ ਹਨ, ਇਸ ਲਈ 38 ਵਿੱਚੋਂ ਸਿਰਫ ਪੰਜ ਘਰ ਵੇਚੇ ਜਾ ਸਕੇ ਹਨ । ਇਹ ਘਰ ਸੈਕਟਰ -38 ਵੈਸਟ, ਸੈਕਟਰ -44 ਡੀ/ਐਚਆਈਜੀ -2, ਸੈਕਟਰ -45 ਏ, ਸੈਕਟਰ -47 ਸੀ/ਐਲਆਈਜੀ, ਸੈਕਟਰ -55 ਵਿੱਚ ਸਥਿਤ ਹਨ । ਬੋਰਡ ਨੇ ਸਪੱਸਟ ਕਰ ਦਿੱਤਾ ਹੈ ਕਿ 18 ਸਾਲ ਤੋਂ ਵੱਧ ਉਮਰ ਦੇ ਕਿਸੇ ਵੀ ਰਾਜ ਵਿੱਚ ਰਹਿਣ ਵਾਲਾ ਵਿਅਕਤੀ ਇਸ ਈ-ਟੈਂਡਰਿੰਗ ਪ੍ਰਕਿਰਿਆ ਵਿੱਚ ਹਿੱਸਾ ਲੈ ਸਕਦਾ ਹੈ । ਪ੍ਰਵਾਸੀ ਭਾਰਤੀ ਵੀ ਇਨਾਂ ਸੰਪਤੀਆਂ ਨੂੰ ਖਰੀਦਣ ਲਈ ਬੋਲੀ ਲਗਾ ਸਕਦੇ ਹਨ । ਬੋਰਡ ਨੇ ਕਿਹਾ ਹੈ ਕਿ ਨਿਰਧਾਰਤ ਰਾਖਵੀਂ ਕੀਮਤ ਦੇ ਅਨੁਸਾਰ, ਘਰ ਸਭ ਤੋਂ ਵੱਧ ਬੋਲੀ ਲਗਾਉਣ ਵਾਲੇ ਨੂੰ ਵੇਚਿਆ ਜਾਵੇਗਾ । ਸਾਰੇ ਬੋਲੀਕਾਰ ਬੋਲੀ ਲਗਾਉਣ ਤੋਂ ਪਹਿਲਾਂ ਸੰਪਤੀਆਂ ਦੇਖਣ ਵੀ ਜਾ ਸਕਦੇ ਹਨ । ਲੀਜ ਹੋਲਡ ਵਪਾਰਕ ਸੰਪਤੀਆਂ ਨੂੰ ਹਰ ਸੁੱਕਰਵਾਰ, ਲੀਜ ਹੋਲਡ ਰਿਹਾਇਸੀ ਸੰਪਤੀਆਂ ਨੂੰ ਹਰ ਬੁੱਧਵਾਰ ਅਤੇ ਫ੍ਰੀ ਹੋਲਡ ਰਿਹਾਇਸੀ ਸੰਪਤੀਆਂ ਨੂੰ ਹਰ ਸਨੀਵਾਰ ਵੇਖਿਆ ਜਾ ਸਕਦਾ ਹੈ । ਇਸਦੇ ਲਈ, ਸਾਰੀ ਜਾਣਕਾਰੀ ਅਗਲੇ ਹਫਤੇ ਸੀਐਚਬੀ ਦੀ ਵੈਬਸਾਈਟ ਤੇ ਅਪਲੋਡ ਕੀਤੀ ਜਾਏਗੀ ।

# ਬਿਲਗਾ ਪੁਲਿਸ ਨੇ 20 ਕਿਲੋਗ੍ਰਾਮ ਡੋਡੇ ਚੂਰਾ ਪੋਸਤ ਕੀਤੇ ਬਰਾਮਦ

**ਬਿਲਗਾ (ਵਿਨੋਦ ਬੱਤਰਾ)** ਥਾਣਾ ਬਿਲਗਾ ਦੀ ਪੁਲਿਸ ਵੱਲੋਂ ਨਸ਼ੀਲੇ ਪਦਾਰਥਾਂ ਦਾ ਕਾਰੋਬਾਰ ਕਰਨ ਵਾਲਿਆਂ ਦੇ ਖਿਲਾਫ਼ ਚਲਾਈ ਗਈ ਮੁਹਿੰਮ ਦੌਰਾਨ ਇਕ ਵਿਅਕਤੀ ਦੇ ਘਰ ਵਿੱਚੋਂ ਡੋਡੇ ਚੂਰਾ ਪੋਸਤ ਬਰਾਮਦ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਇਸ ਸਬੰਧ ਵਿੱਚ ਜਾਣਕਾਰੀ ਦਿੰਦੇ ਹੋਏ ਮੁੱਖ ਅਫਸਰ ਥਾਣਾ ਬਿਲਗਾ ਇੰਸਪੈਕਟਰ ਹਰਦੀਪ ਸਿੰਘ ਮਾਨ ਨੇ ਦੱਸਿਆ ਕਿ ਸਬ ਇੰਸਪੈਕਟਰ ਸੋਮ ਨਾਥ ਸਮੇਤ ਪੁਲਿਸ ਪਾਰਟੀ ਬੱਸ ਅੱਡਾ ਸੰਗੋਵਾਲ ਮੌਜੂਦ ਸੀ ਤਾਂ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਨਿਸ਼ਾਨ ਸਿੰਘ ਪੁੱਤਰ ਜੋਗਿੰਦਰ ਸਿੰਘ ਵਾਸੀ ਪਿੰਡ ਸੰਗੋਵਾਲ ਡੋਡੇ ਚੂਰਾ ਪੋਸਤ ਵੇਚਣ ਦਾ ਧੰਦਾ ਕਰਦਾ ਹੈ। ਇਸ ਵੇਲੇ ਆਪਣੇ ਘਰ ਡੋਡੇ ਚੂਰਾ ਪੋਸਤ ਰੱਖ ਕੇ ਗਾਹਕਾਂ ਦਾ ਇੰਤਜ਼ਾਰ ਕਰ ਰਿਹਾ ਹੈ। ਸਬ ਇੰਸਪੈਕਟਰ ਸੋਮ ਨਾਥ ਨੇ ਸਮੇਤ ਸਾਥੀ ਕਰਮਚਾਰੀਆਂ ਉਕਤ ਨਿਸ਼ਾਨ ਸਿੰਘ ਦੇ ਘਰ ਰੇਡ ਕੀਤਾ। ਪੁਲਿਸ ਦੀ ਆਮਦ ਨੂੰ ਦੇਖ ਪਹਿਲਾਂ ਹੀ ਖਿਸਕ ਗਿਆ। ਪੁਲਿਸ ਨੇ ਨਿਸ਼ਾਨ ਸਿੰਘ ਦੇ ਉਕਤ ਘਰ ਦੇ ਅਗਲੇ ਪਾਸੇ ਬਣੇ ਕਮਰੇ ਵਿੱਚੋਂ 20 ਕਿੱਲੋਗ੍ਰਾਮ ਡੋਡੇ ਚੂਰਾ ਪੋਸਤ ਬਰਾਮਦ ਕਰ ਥਾਣਾ ਬਿਲਗਾ ਵਿੱਚ ਮੁਕੱਦਮਾ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।




# ਅੰਤਿਮ ਅਰਦਾਸ ਤੇ ਵਿਸ਼ੇਸ਼



ਪਿਛਲੇ ਦਿਨੀ ਸਿੱਖਿਆ ਵਿਭਾਗ ਦੇ ਸਾਬਕਾ ਜ਼ਿਲ੍ਹਾ ਕੁਆਡੀਨੇਟਰ ਵੋਕੇਸ਼ਨਲ ਦਫ਼ਤਰ ਜ਼ਿਲ੍ਹਾ ਸਿੱਖਿਆ ਅਫਸਰ(ਸੈ.ਸਿ) ਸ੍ਰੀ ਮਲਕੀਤ ਸਿੰਘ ਸਿੱਧੂ ਅਕਾਲ ਚਲਾਣਾ ਕਰ ਗਏ ਸਨ। ਉਹਨਾਂ ਦੀ ਅੰਤਮ ਅਰਦਾਸ ਰਸਮ ਲਈ ਰੱਖੇ ਸ੍ਰੀ ਅਖੰਡ ਪਾਠ ਦਾ ਭੋਗ 15 ਅਗਸਤ ਨੂੰ ਗੁਰਦੁਆਰਾ ਚਰਨ ਬਾਗ ਵਡਾਲਾ ਚੌਕ ਵਿਖੇ ਪਵੇਗਾ। ਸਰਦਾਰ ਮਲਕੀਤ ਸਿੰਘ ਦਾ ਜਨਮ 3 ਮਾਰਚ 1947 ਨੂੰ ਪਿੰਡ ਸਿੱਧਵਾਂ ਖੁਰਦ ਤਹਿਸੀਲ ਜਗਰਾਉਂ(ਲੁਧਿਆਣਾ)ਵਿਖੇ ਹੋਇਆ। ਲੈਦਰ ਟ੍ਰੇਨਿੰਗ ਇੰਸਟੀਚਿਊਟ ਜਲੰਧਰ ਤੋਂ ਟ੍ਰੇਨਿੰਗ ਕਰਨ ਉਪਰੰਤ ਨਕੋਦਰ, ਹਰਿਆਣਾ, ਬੰਗਾ ਅਜਨਾਲਾ, ਪਟਿਆਲਾ ਤੇ ਸਮਾਣਾ ਆਈ.ਟੀ.ਆਈ. ਸੰਸਥਾਵਾਂ ਵਿੱਚ ਸੇਵਾ ਕੀਤੀ। ਪਬਲਿਕ ਸਰਵਿਸ ਕਮਿਸ਼ਨ ਰਾਹੀਂ ਚੋਣ ਹੋਣ ਪਿੱਛੋਂ 14 ਸਾਲ ਡੀ.ਈ.ਓ. ਵਜੋਂ ਸੇਵਾ ਕੀਤੀ।

ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਦੇ ਪ੍ਰਭਾਵ ਅਧੀਨ ਮਾਰਕਸੀ ਸਿਧਾਂਤਾਂ ਨਾਲ ਜੁੜੇ ਰਹੇ, ਪ੍ਰੰਤੂ ਸਿੱਖ ਸਿਧਾਂਤ, ਸਿੱਖ ਫਿਲਾਸਫੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮਹਾਨ ਮਿਸ਼ਨ ਦੇ ਝੰਡਾ ਧਾਰਕ ਰਹੇ ਤੇ ਅੰਤਿਮ ਸਵਾਸ ਤਕ ਗੁਰੂ ਗ੍ਰੰਥ ਸਾਹਿਬ ਜੀ ਦੇ ਸਿਧਾਂਤ ਨਾਲ ਜੁੜੇ ਰਹੇ। ਸਵਰਗੀ ਮਲਕੀਤ ਸਿੰਘ ਕਰਮਚਾਰੀ ਯੂਨੀਅਨਾਂ ਵਿਚ ਬਹੁਤ ਹਰਮਨ ਪਿਆਰੇ ਅਫ਼ਸਰ ਵਜੋਂ ਇੱਜ਼ਤ ਨਾਲ ਯਾਦ ਕੀਤੇ ਜਾਣਗੇ। ਉਹ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੇ ਨਾਲ ਸਾਰੀ ਉਮਰ ਜੁੜੇ ਰਹੇ।ਸਾਥੀ ਪਰਮਜੀਤ ਸਿੰਘ ਗਾਂਧਰੀ ਸਾਬਕਾ ਪ੍ਰਧਾਨ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਜੀ ਦੇ ਨਾਲ ਮਿਲਕੇ ਜਥੇਬੰਦੀ ਨੂੰ ਬਹੁਤ ਮਜ਼ਬੂਤ ਕੀਤਾ।ਉਹ ਲਿਖਾਰੀ ਸਹਿਤ ਸਭਾ ਦੇ ਸਰਗਰਮ ਮੈਂਬਰ ਵੀ ਰਹੇ । ਜੀਵਨ ਦੇ ਆਖ਼ਰੀ 12 ਕੁ ਸਾਲ ਉਹ ਬਲਵੰਤ ਸਿੰਘ ਰਾਮੂਵਾਲੀਆ ਦੀ ਮੁੱਖ ਰੂਪ ਵਿੱਚ ਸਮਰਪਿਤ ਲੋਕ ਭਲਾਈ, ਦੁਖੀ ਧੀਆਂ ਦੀ ਮਦਦ ਤੇ ਟਰੈਵਲ ਏਜੰਟਾਂ ਦੀ ਲੁੱਟ ਅਤੇ ਪਰਵਾਸੀ ਪੰਜਾਬੀਆਂ ਦੇ ਮਸਲੇ ਹੱਲ ਕਰਨ ਦੀ ਰਾਜਨੀਤੀ ਨਾਲ ਵੀ ਜੁੜੇ ਰਹੇ।ਇਹਨਾਂ ਦੀ ਪਤਨੀ ਹਿੰਮਤ ਕੌਰ ਸਿੱਖਿਆ ਵਿਭਾਗ ਵਿੱਚੋਂ ਬਤੌਰ ਮੁੱਖ ਅਧਿਆਪਕ ਸੇਵਾ ਮੁਕਤ ਹੋਏ ਹਨ। ਇਸ ਸਮੇਂ ਉਨ੍ਹਾਂ ਦੇ ਸਪੁੱਤਰ ਅੰਮ੍ਰਿਤਪਾਲ ਸਿੰਘ ਅਤੇ ਵਰਿੰਦਰ ਪਾਲ ਸਿੰਘ ਵੀ ਲੋਕ ਸੇਵਾ ਨਾਲ ਜੁੜੇ ਹਨ ਉਨ੍ਹਾਂ ਦੀ ਨੂੰਹ ਬਲਵਿੰਦਰ ਕੌਰ ਸਿਹਤ ਵਿਭਾਗ ਵਿਚ ਜਲੰਧਰ ਸੇਵਾ ਕਰ ਰਹੇ ਹਨ ।

# ਕੈਪਟਨ ਸਰਕਾਰ ਮੁਰਦਾਬਾਦ ਦੇ ਨਾਅਰਿਆਂ ਨਾਲ ਗੂੰਜਿਆ ਕਸਬਾ ਨਕੋਦਰ

**ਨਕੋਦਰ (ਅੰਮ੍ਰਿਤਪਾਲ ਸਿੰਘ ਸਫ਼ਰੀ)** ਕੈਪਟਨ ਸਰਕਾਰ ਵੱਲੋਂ ਚੋਣਾਂ ਤੋਂ ਪਹਿਲਾਂ ਕੀਤੇ ਵਾਅਦਿਆਂ ਮੁਤਾਬਿਕ ਪੰਜਾਬ ਦੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਲੰਮੇ ਸਮੇਂ ਤੋਂ ਲਟਕਦੀਆਂ ਮੰਗਾਂ ਦੇ ਖਿਲਾਫ਼ ਅੱਜ 'ਪੰਜਾਬ-ਯੂ.ਟੀ. ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫਰੰਟ' ਦੀ ਅਗਵਾਈ ਵਿੱਚ ਨਕੋਦਰ ਦੇ ਸੈਂਕੜੇ ਮੁਲਾਜ਼ਮਾਂ ਵੱਲੋਂ ਸਥਾਨਕ ਐਸ ਡੀ ਐਮ ਦਫਤਰ ਵਿਖੇ ਰੈਲੀ ਕਰਨ ਤੋਂ ਬਾਅਦ ਸ਼ਹਿਰ ਦੇ ਬਾਜਾਰਾਂ ਵਿੱਚ ਰੋਸ ਮੁਜਾਹਰਾ ਕੀਤਾ ਗਿਆ। ਪੰਜਾਬ ਦੇ ਮੁਲਾਜ਼ਮ ਲੰਮੇ ਸਮੇਂ ਤੋਂ ਛੇਵੇਂ ਤਨਖਾਹ ਕਮਿਸ਼ਨ ਵਿੱਚ ਤਰਕਸੰਗਤ ਸੋਧਾਂ ਕਰਵਾਉਣ, ਸਮੂਹ ਕੱਚੇ ਤੇ ਠੇਕਾ ਮੁਲਾਜ਼ਮਾਂ ਨੂੰ ਵਿਭਾਗੀ ਪੋਸਟਾਂ 'ਤੇ ਰੈਗੂਲਰ ਕਰਵਾਉਣ, ਵੱਖ-ਵੱਖ ਵਿਭਾਗਾਂ ਅੰਦਰ ਕੰਮ ਕਰਦੇ ਮਾਣ ਭੱਤਾ,ਆਸ਼ਾ,ਮਿਡ ਡੇ ਮੀਲ ਅਤੇ ਆਂਗਨਵਾੜੀ ਵਰਕਰਾਂ 'ਤੇ ਘੱਟੋ- ਘੱਟ ਉਜ਼ਰਤਾਂ ਕਾਨੂੰਨ ਲਾਗੂ ਕਰਵਾਉਣ, ਐਨ.ਪੀ.ਐਸ. ਮੁਲਾਜ਼ਮਾਂ 'ਤੇ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਵਾਉਣ, ਮਹਿੰਗਾਈ ਭੱਤੇ ਦੀਆਂ ਬਕਾਇਆ ਕਿਸ਼ਤਾਂ ਜਾਰੀ ਕਰਵਾਉਣ, 17 ਜੁਲਾਈ 2020 ਤੋਂ ਬਾਅਦ ਵਾਲੇ ਮੁਲਾਜ਼ਮਾਂ 'ਤੇ ਕੇਂਦਰੀ ਤਨਖਾਹ ਸਕੇਲਾਂ ਦੀ ਬਜਾਏ ਪੰਜਾਬ ਦੇ ਸਕੇਲ ਲਾਗੂ ਕਰਵਾਉਣ ਅਤੇ ਪੁਨਰਗਠਨ ਦੇ ਨਾਂ ਹੇਠ ਵੱਖ-ਵੱਖ ਵਿਭਾਗਾਂ ਅੰਦਰ ਕੀਤੇ ਜਾ ਰਹੇ ਅਸਾਮੀਆਂ ਦੇ ਖਾਤਮੇ ਨੂੰ ਰੁਕਵਾਉਣ ਲਈ ਸੰਘਰਸ਼ ਕਰ ਰਹੇ ਹਨ। ਇਸ ਮੌਕੇ ਤੇ ਸੰਬੋਧਨ ਕਰਦਿਆਂ ਮੁਲਾਜਮ ਆਗੂਆਂ ਹਰਿੰਦਰ ਦੁਸਾਂਝ,ਕੰਵਲਜੀਤ ਸੰਗੋਵਾਲ,ਤੀਰਥ ਸਿੰਘ ਬਾਸੀ,ਕਲਵਿੰਦਰ ਸਿੰਘ ਜੋਸ਼ਨ,ਮਨਦੀਪ ਕੌਰ ਸੰਧੂ ਨੇ ਆਖਿਆ ਕਿ ਭਾਵੇਂ ਕੈਪਟਨ ਸਰਕਾਰ ਦੁਆਰਾ ਗਠਿਤ ਕੀਤੀ ਕੈਬਨਿਟ ਸਬ-ਕਮੇਟੀ ਨੇ ਪਿਛਲੇ ਦਿਨਾਂ ਦੌਰਾਨ ਪੰਜਾਬ-ਯੂ.ਟੀ. ਮੁਲਾਜ਼ਮ ਤੇ ਪੈਨਸ਼ਨਰ ਸਾਂਝਾ ਫਰੰਟ ਨਾਲ ਤਿੰਨ ਮੀਟਿੰਗਾਂ ਕੀਤੀਆਂ ਸਨ, ਪਰ ਇਸ ਕਮੇਟੀ ਨੇ ਮੁਲਾਜ਼ਮਾਂ ਦੀ ਕਿਸੇ ਵੀ ਮੰਗ ਨੂੰ ਪ੍ਰਵਾਨ ਨਾ ਕਰਕੇ ਇਹ ਸੰਦੇਸ਼ ਦਿੱਤਾ ਹੈ ਕਿ ਇਹ ਕਮੇਟੀ ਮੰਗਾਂ ਦੇ ਹੱਲ ਲਈ ਨਹੀਂ ਸਗੋਂ ਮੁਲਾਜ਼ਮਾ ਦੇ ਸੰਘਰਸਸ਼ਾਂ ਨੂੰ ਠੰਡਾ ਕਰ ਦੀ ਮਨਸ਼ਾ ਤਹਿਤ ਗਠਿਤ ਕੀਤੀ ਗਈ ਹੈ। ਮੁਲਾਜ਼ਮ ਆਗੂਆਂ ਨੇ ਆਖਿਆ ਕਿ ਪੰਜਾਬ ਸਰਕਾਰ ਗੱਲਬਾਤ ਨੂੰ ਸਿਰਫ਼ ਤਨਖਾਹ ਕਮਿਸ਼ਨ ਤੱਕ ਸੀਮਿਤ ਕਰ ਰਹੀ ਹੈ ਅਤੇ ਬਾਕੀ ਮੰਗਾਂ ਨੂੰ ਸੁਣਨ ਲਈ ਵੀ ਤਿਆਰ ਨਹੀਂ ਹੈ। ਜਿਸਤੋਂ ਸਪੱਸ਼ਟ ਹੈ ਕਿ ਕੈਪਟਨ ਸਰਕਾਰ ਕੱਚੇ ਅਤੇ ਠੇਕਾ ਮੁਲਾਜਮਾਂ ਨੂੰ ਪੱਕੇ ਕਰਨ, ਮਾਣ ਭੱਤਾ ਵਰਕਰਾਂ 'ਤੇ ਘੱਟੋ-ਘੱਟ ਉਜਰਤਾਂ ਕਾਨੂੰਨ ਲਾਗੂ ਕਰਨ ਅਤੇ ਪੁਰਾਣੀ ਪੈਨਸ਼ਨ ਸਮੇਤ ਹੋਰ ਮੁਲਾਜ਼ਮ ਮੰਗਾਂ ਨੂੰ ਮੰਨਣ ਤੋਂ ਟਾਲਾ ਵੱਟ ਰਹੀ ਹੈ।



ਮੁਲਾਜ਼ਮ ਆਗੂਆਂ ਨੇ ਐਲਾਨ ਕੀਤਾ ਕਿ 20 ਅਗਸਤ ਨੂੰ ਕਾਂਗਰਸ ਪਾਰਟੀ ਦੇ ਮੰਤਰੀਆਂ, ਵਿਧਾਇਕਾਂ ਅਤੇ ਹੋਰ ਮਹੱਤਵਪੂਰਨ ਆਗੂਆਂ ਦੇ ਘਰਾਂ ਵੱਲ ਕੀਤੇ ਜਾਣ ਵਾਲੇ ਜਿਲ੍ਹਾ ਪੱਧਰੀ ਰੋਸ ਮਾਰਚਾਂ ਵਿੱਚ ਨਕੋਦਰ ਤਹਿਸੀਲ ਦੇ ਸੈਂਕੜੇ ਮੁਲਾਜ਼ਮਾਂ ਵੱਲੋਂ ਵੱਡੇ ਪੱਧਰ ਤੇ ਸ਼ਮੂਲੀਅਤ ਕੀਤੀ ਜਾਵੇਗੀ।

ਇਸ ਮੌਕੇ ਤੇ ਗੁਰਜੀਤ ਕੌਰ ਸ਼ਾਹਕੋਟ, ਕੁਲਜੀਤ ਕੌਰ ਖਾਲਸਾ,ਆਂਚਲ ਹਰੀਪੁਰ,ਜਸਬੀਰ ਸਿੰਘ ਸੰਧੂ,ਅਮਨਦੀਪ ਸਿੰਘ ਬਾਗਪੁਰੀ,ਪਰਮਜੀਤ ਕੌਰ,ਨਵਪ੍ਰੀਤ ਬੱਲੀ ਨੇ ਵੀ ਸੰਬੋਧਨ ਕੀਤਾ।ਰੈਲੀ ਅਤੇ ਮਾਰਚ ਤੋਂ ਬਾਅਦ ਪੰਜਾਬ ਦੇ ਮੁੱਖ ਮੰਤਰੀ ਦੇ ਨਾਂ ਐਸ.ਡੀ.ਐਮ.ਨਕੋਦਰ ਨੂੰ ਮੁਲਾਜ਼ਮ ਮੰਗਾਂ ਦਾ ਮੰਗ ਪੱਤਰ ਸੌਂਪਿਆ ਗਿਆ।

